# ਅਧਿਆਇ 5

# ਪਾਪ ਦੀਆਂ ਭੇਟਾਂ (ਚੱਲਦਾ) ਅਤੇ ਦੋਸ਼ ਦੀਆਂ ਭੇਟਾਂ

4:1 ਵਿਚ ''ਪਾਪ ਦੀ ਭੇਟ'' ਦੀ ਜਿਹੜੀ ਚਰਚਾ ਸ਼ੁਰੂ ਹੋਈ ਸੀ ਉਹ ਲੇਵੀਆਂ 5:1–13 ਵਿਚ ਜਾਰੀ ਰਹਿੰਦੀ ਹੈ। ਅਧਿਆਇ 5 ਦਾ ਇਹ ਭਾਗ ਉਨ੍ਹਾਂ ਪਾਪਾਂ ਬਾਰੇ ਪਰਮੇਸ਼ੁਰ ਦੇ ਨਿਰਦੇਸ਼ ਦਿੰਦਾ ਹੈ ਜਿਨ੍ਹਾਂ ਲਈ ਪਾਪ ਦੀ ਭੇਟ ਜ਼ਰੂਰੀ ਸੀ। ਉਹਦੇ ਨਿਯਮਾਂ ਨੇ ਬੇਹੱਦ ਗ਼ਰੀਬ ਲੋਕਾਂ ਨੂੰ ਆਪਣੀਆਂ ਪਾਪ ਬਲੀਆਂ ਲਈ ਸਸਤੀਆਂ ਕੁਰਬਾਨੀਆਂ ਚੜ੍ਹਾਉਣ ਦਾ ਹੱਕ ਦਿੱਤਾ ਸੀ। ਅਧਿਆਇ ਦਾ ਬਾਕੀ ਦਾ ਹਿੱਸਾ 5:14–19 ''ਦੋਸ਼ ਦੀ ਭੇਟ'' ਦੀ ਚਰਚਾ ਨਾਲ ਸ਼ੁਰੂ ਹੋ ਕੇ 6:1–7 ਵਿਚ ਮੁੱਕਦਾ ਹੈ।

## ਉਹ ਪਾਪ ਜਿਨ੍ਹਾਂ ਲਈ ਪਾਪ ਦੀ ਭੇਟ ਜ਼ਰੂਰੀ ਸੀ (5:1-6)

**1ਜੇ ਕੋਈ ਪ੍ਰਾਣੀ ਅਜਿਹਾ ਪਾਪ ਕਰੇ ਜੋ ਉਗਾਹ ਹੋਵੇ, ਅਤੇ ਸਹੁੰ ਚੁੱਕਣ ਦਾ ਸ਼ਬਦ ਸੁਣੇ ਭਾਵੇਂ
ਉਸ ਨੇ ਡਿੱਠਾ ਹੈ ਯਾਂ ਜਾਣਿਆ ਹੈ, ਪਰ ਉਹ ਨਾ ਦੱਸੇ ਤਾਂ ਉਹ ਦੋਸ਼ੀ ਠਹਿਰੇਗਾ 2ਯਾ ਜੇ ਕੋਈ ਪ੍ਰਾਣੀ
ਕਿਸੇ ਅਪਵਿੱਤਰ ਵਸਤੂ ਨੂੰ ਛੋਹੇ, ਭਾਵੇਂ ਅਪਵਿੱਤਰ ਪਸੂ ਦੀ ਲੋਥ, ਯਾ ਅਪਵਿੱਤਰ ਡੰਗਰ ਦੀ ਲੋਥ,
ਯਾ ਅਪਵਿੱਤਰ ਕੀੜਿਆਂ ਦੀ ਲੋਥ ਅਤੇ ਉਹ ਉਸ ਨੂੰ ਮਲੂਮ ਨਾ ਹੋਵੇ, ਉਹ ਭੀ ਅਪਵਿੱਤਰ ਅਤੇ
ਦੋਸ਼ੀ ਠਹਿਰੇਗਾ 3ਯਾ ਜੇ ਉਹ ਮਨੁੱਖ ਦੀ ਕਿਸੇ ਗੰਦਕੀ, ਭਾਂਵੇ ਕੋਈ ਗੰਦਕੀ ਹੋਵੇ, ਜਿਸ ਤੋਂ ਮਨੁੱਖ
ਅਪਵਿੱਤਰ ਹੁੰਦਾ ਹੈ, ਛੋਹੇ ਅਤੇ ਉਸ ਨੂੰ ਖਬਰ ਨਾ ਹੋਵੇ ਜਿਸ ਵੇਲੇ ਉਸ ਨੂੰ ਖਬਰ ਹੋਵੇ, ਤਾਂ ਉਹ ਦੋਸ਼ੀ
ਠਹਿਰੇਗਾ 4ਯਾ ਜੇ ਕੋਈ ਪ੍ਰਾਣੀ ਹੂੜ੍ਹ ਪੁਣੇ ਨਾਲ ਸਹੁੰ ਚੁਕੇ ਅਤੇ ਆਪਣਿਆਂ ਹੋਠਾਂ ਨਾਲ ਬੁਰਿਆਈ
ਕਰਨ ਯਾ ਭਲਿਆਈ ਕਰਨ ਦਾ ਬਚਨ ਦੇਵੇ, ਭਾਂਵੇ ਕੁਝ ਹੋਵੇ, ਜੋ ਮਨੁੱਖ ਤੋਂ ਹੂੜ੍ਹ ਪੁਣੇ ਦੀ ਸਹੁੰ
ਨਾਲ ਹੁੰਦਾ ਹੈ ਅਤੇ ਉਹ ਉਸ ਨੂੰ ਖਬਰ ਨਾ ਹੋਵੇ, ਜਿਸ ਵੇਲੇ ਉਸ ਨੂੰ ਖਬਰ ਹੋਵੇ ਤਦ ਉਹ ਇਨ੍ਹਾਂ
ਗੱਲਾਂ ਵਿੱਚੋਂ ਇੱਕ ਦਾ ਦੋਸ਼ੀ ਠਹਿਰੇਗਾ 5ਅਤੇ ਐਉਂ ਹੋਵੇਗਾ ਜਾਂ ਉਹ ਇਨ੍ਹਾਂ ਗੱਲਾਂ ਵਿੱਚੋਂ ਇੱਕ ਦਾ
ਦੋਸ਼ੀ ਠਹਿਰੇ ਤਾਂ ਉਹ ਮੰਨ ਲਵੇ ਜੋ ਮੈਂ ਇਸ ਗੱਲ ਵਿੱਚ ਪਾਪ ਕੀਤਾ ਹੈ 6ਅਤੇ ਉਹ ਆਪਣੇ ਪਾਪ ਦੇ
ਲਈ ਜੋ ਉਸ ਨੇ ਕੀਤਾ ਹੈ ਇੱਜੜ ਵਿੱਚੋਂ ਇੱਕ ਲੇਲੀ, ਯਾ ਬੱਕਰਿਆਂ ਦੀ ਪੱਠ, ਦੋਸ਼ ਦੀ ਭੇਟ ਕਰਕੇ
ਯਹੋਵਾਹ ਦੇ ਅੱਗੇ ਲਿਆਵੇ ਅਤੇ ਜਾਜਕ ਉਸ ਦੇ ਪਾਪ ਦੇ ਲਈ ਪ੍ਰਾਸਚਿਤ ਕਰੇ।**

**ਆਇਤਾਂ 1-4.** ਤਿੰਨ ਮਾਮਲੇ ਦੱਸੇ ਗਏ ਜਿਨ੍ਹਾਂ ਲਈ ਪਾਪ ਦੀ ਭੇਟ ਜ਼ਰੂਰੀ ਸੀ।

ਪਹਿਲਾ, ਹੋ ਸਕਦਾ ਹੈ ਕਿ ਕੋਈ **ਸਹੁੰ ਚੁੱਕਣ ਦਾ ਸ਼ਬਦ** ਦੇ ਬਾਵਜੂਦ, ਸਚਿਆਈ ਨੂੰ ਜਾਣਨ ਤੇ **ਉਗਾਹੀ** ਨਾ ਦੇ ਸਕੇ (5:1)। ''ਸਹੁੰ ਚੁੱਕਣ ਦਾ ਸ਼ਬਦ'' ਮੂਲ ਵਿਚ ''ਸਹੁੰ ਦੀ ਅਵਾਜ਼'' ਹੈ। ''ਸਹੁੰ ਚੁੱਕਣਾ'' ਇਸ ਸਮਝ ਨਾਲ ਕਿ ਸਚਿਆਈ ਨਾ ਬੋਲਣ ਵਾਲਾ ਸਰਾਪਿਤ ਹੋਵੇਗਾ, ਸੱਚ ਬੋਲਣ ਦੀ ਕਸਮ ਖਾਣਾ ਹੈ। ਪਰ ਆਇਤ ਇਹ ਦੱਸਦੀ ਹੈ ਕਿ ਕਿਸੇ ਮਾਮਲੇ ਬਾਰੇ ਜਿਸ ਦਾ ਮੁਕੱਦਮਾ ਚੱਲ ਰਿਹਾ ਹੋਵੇ ਉਸ ਦੀ ਸਚਿਆਈ ਦਾ ਪਤਾ ਲੱਗਣ ਵਾਲੇ ਨੂੰ ਆਪਣੀ ਮਰਜ਼ੀ ਨਾਲ ਗਵਾਹੀ ਦੇਣੀ ਜ਼ਰੂਰੀ ਹੈ। ਜੇ ਉਹ ਨਹੀਂ ਦਿੰਦਾ, ਜਾਂ ਉਹ ਭੁੱਲ ਜਾਂਦਾ ਹੈ ਜਾਂ ਅਜਿਹਾ ਕਰਨ ਪ੍ਰਤੀ ਲਾਪਰਵਾਹ ਹੁੰਦਾ

ਹੈ, **ਤਾਂ ਉਹ ਦੋਸ਼ੀ ਠਹਿਰੇਗਾ।**

ਦੂਜਾ, ਕਿਸੇ **ਅਪਵਿੱਤਰ** ਚੀਜ਼ ਨੂੰ ਛੂਹਣ ਵਾਲਾ ਵਿਅਕਤੀ **ਅਪਵਿੱਤਰ** ਰਹਿ ਸਕਦਾ ਸੀ (5:2, 3)। ਇੱਥੇ ਗ਼ਲਤੀ ਨੂੰ ਬੇਹਤਰੀਨ ਢੰਗ ਨਾਲ ਸ਼ਾਇਦ ਇਹ ਮੰਨ ਲੈਣਾ ਹੈ ਕਿ ਇਹ ਪਾਪੀ ਬਿਨਾਂ ਜਾਣੇ ਅਸ਼ੁੱਧ ਹੋ ਗਿਆ ਅਤੇ ਉਹਨੇ ਬਣਦੀਆਂ ਰਸਮਾਂ ਨੂੰ ਪੂਰਾ ਕਰਨ ਦੀ ਬੇਪਰਵਾਹੀ ਕੀਤੀ। ਇਕ ਹੋਰ ਸੰਭਾਵਨਾ ਇਹ ਹੈ ਕਿ ਉਹਨੂੰ ਆਪਣੇ **ਅਪਵਿੱਤਰ** ਹੋਣ ਦਾ ਪਤਾ ਸੀ ਪਰ ਉਹ ਉਨ੍ਹਾਂ ਰਸਮਾਂ ਨੂੰ ਪੂਰਾ ਕਰਨਾ ਭੁੱਲ ਗਿਆ। ਅਜਿਹਾ ਹੋਣ ਤੇ ਇਸ ਹਵਾਲੇ ਵਿਚ ਇਹ ਸੁਝਾਅ ਸੀ ਕਿ ਕਿਸੇ ਚੀਜ਼ ਨੂੰ ਛੂਹ ਲੈਣਾ ਆਪਣੇ ਆਪ ਵਿਚ ਪਾਪ ਨਹੀਂ ਹੈ, ਭਾਵੇਂ ਨਾਲ ਉਹ ਰਸਮੀ ਤੌਰ ਤੇ ਅਸ਼ੁੱਧ ਹੋ ਗਿਆ। ''ਪਾਪ'' ਤਸਵੀਰ ਵਿਚ ਉਦੋਂ ਆਇਆ ਜਦੋਂ ਉਹ ਰਸਮੀ ਸ਼ੁੱਧਤਾ ਨੂੰ ਦੂਰ ਕਰਨ ਲਈ ਜ਼ਰੂਰੀ ਗੱਲਾਂ ਕਰਨੀਆਂ ਭੁੱਲ ਗਿਆ ਜਾਂ ਉਹਨੇ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ।

ਤੀਸਰਾ, **ਕੋਈ ਹੂੜ੍ਹ ਪੁਣੇ ਨਾਲ . . . ਬੁਰਿਆਈ ਕਰਨ ਯਾ ਭਲਿਆਈ ਕਰਨ ਦਾ ਬਚਨ ਦੇਵੇ** ਪਰ ਆਪਣੀ ਸਹੁੰ ਪੂਰੀ ਨਾ ਕਰ ਸਕੇ (5:4)। ਬੁਰਿਆਈ ਕਰਨ ਜਾਂ ਭਲਿਆਈ ਕਰਨ ਦੀ ਸਹੁੰ ਕਿਸੇ ਵੀ ਗੱਲ ਲਈ ਹੋ ਸਕਦੀ ਹੈ ਜਿਹਨੂੰ ਕਰਨ ਦੀ ਸਹੁੰ ਚੁੱਕੀ ਹੋਵੇ। ਇਸ ਦਾ ਅਰਥ ''ਕੁਝ ਕਰਨ ਲਈ ਸਹੁੰ ਚੁੱਕਣ'' ਵਰਗਾ ਹੈ। ਕੋਈ ਵੀ ਜਿਹੜਾ ਕਾਹਲੀ ਨਾਲ ਸਹੁੰ ਚੁੱਕ ਲਵੇ ਪਰ ਬਾਅਦ 'ਚ ਭੁੱਲ ਜਾਵੇ ਕਿ ਉਹਨੇ ਸਹੁੰ ਚੁੱਕੀ ਹੈ ਅਤੇ ਉਹਨੂੰ ਪੂਰਾ ਨਾ ਕਰੇ ਤਾਂ ਉਹਨੇ ਇਸ ਪਾਪ ਦਾ **ਦੋਸ਼ੀ** ਹੋਣਾ ਸੀ। ਕੁਝ ਟੀਕਾਕਾਰ ਬਿਨਾਂ ਸੋਚੇ ਖਾਧੀ ਗਈ ਸਹੁੰ ਨੂੰ ਸ਼ਰਾਬੀ ਹੋਣ ਨਾਲ ਜੋੜਦੇ ਹਨ। ਬੇਸ਼ੱਕ ਸ਼ਰਾਬੀ ਆਦਮੀ ਸਹੁੰ ਚੁੱਕਣ ਸਮੇਤ ਹੋਰ ਕਈ ਗੱਲਾਂ ਕਰ ਦਿੰਦਾ ਹੈ ਜਿਹੜੀਆਂ ਉਹਨੇ ਸੂਫ਼ੀ ਹੋਣ ਤੇ ਨਹੀਂ ਕਰਨੀਆਂ ਸਨ।

ਇਨ੍ਹਾਂ ਅਪਰਾਧਾਂ ਵਿਚ ਕਈ ਗੱਲਾਂ ਮਿਲਦੀਆਂ ਜੁਲਦੀਆਂ ਹਨ। ਇਹ ਸਭ ''ਬੇਇਰਾਦਾ'' ਪਾਪਾਂ ਦੇ ਤਹਿਤ ਆਉਂਦੇ ਹਨ। ਦੂਜੇ ਮਾਮਲੇ ਵਿਚ ਇਹ ਤੱਥ ਕਿ ਪਾਪੀ ਨੇ ਕਿਸੇ ਅਪਵਿੱਤਰ ਚੀਜ਼ ਨੂੰ ਛੂਹ ਲਿਆ ਜਿਸ ਦੀ **ਉਸ ਨੂੰ ਖ਼ਬਰ ਨਾ ਹੋਵੇ** (5:2, 3)। ਇਸੇ ਤਰ੍ਹਾਂ ਬਿਨਾਂ ਸੋਚੇ **ਸਹੁੰ ਚੁੱਕ** ਲੈਣ ਤੋਂ ਭਾਵ ਇਹ ਹੈ ਕਿ ਇਹ ਬਿਨਾਂ ਇਰਾਦੇ ਦੇ ਸੀ ਅਤੇ ਸਹੁੰ ਦੇ ਸਬੰਧ ਵਿਚ ਵਚਨ ਦੱਸਦਾ ਹੈ ਕਿ ਉਹਦੇ ਪਾਪ ਦੀ **ਉਸ ਨੂੰ ਖ਼ਬਰ ਨਾ** ਸੀ (5:4)। ਗਵਾਹੀ ਨਾ ਦੇ ਸਕਣਾ ਜਾਣ-ਬੁੱਝ ਕੇ ਕੀਤਾ ਗਿਆ ਕੰਮ ਲੱਗ ਸਕਦਾ ਹੈ; ਪਰ ਕਿਉਂ ਜੋ ਇਸ ਸੰਦਰਭ ਵਿਚ ਨਾ ਦੇ ਸਕਣ ਦੀ ਗੱਲ ਹੈ, ਇਸ ਕਰਕੇ ਇਹ ਹੋ ਸਕਦਾ ਹੈ ਕਿ ਇਹ ਪਾਪ ਆਰਜ਼ੀ ਕਮਜ਼ੋਰੀ ਦਾ ਹੋਵੇ ਜੋ ਇਸ ਨੂੰ ਗੈਰ-ਇਰਾਦਤਨ ਵੀ ਬਣਾ ਦਿੰਦਾ ਹੋਵੇ।

**ਆਇਤ 5.** ਇਸ ਤੋਂ ਛੁੱਟ ਇਨ੍ਹਾਂ ਹਾਲਾਤ ਲਈ ਪਾਪੀ ਵਾਸਤੇ ਆਪਣੀ ਗ਼ਲਤੀ ਨੂੰ **ਮੰਨ** ਲੈਣਾ ਜ਼ਰੂਰੀ ਸੀ। ਇਸ ਨਿਯਮ ਦੇ ਤਹਿਤ ਮਾਫ਼ੀ ਮੰਗਣ ਵਾਲੇ ਵਿਅਕਤੀ ਨੂੰ ਇਹ ਕਹਿਣ ਦੀ ਇਜਾਜ਼ਤ ਨਹੀਂ ਸੀ, ''ਜੇ ਮੈਂ ਪਾਪ ਕੀਤਾ ਹੈ, ਤਾਂ ਭਲਾ ਮੈਨੂੰ ਮਾਫ਼ੀ ਮਿਲ ਸਕਦੀ ਹੈ।'' ਉਹਨੂੰ ਖੁੱਲ੍ਹ ਕੇ ਇਹ ਮੰਨਣਾ ਜ਼ਰੂਰੀ ਸੀ ਕਿ ਉਹਨੇ **ਪਾਪ ਕੀਤਾ** ਸੀ।

**ਆਇਤ 6.** ਅਖ਼ੀਰ, ਮਾਫ਼ ਕੀਤੇ ਜਾਣ ਲਈ **ਪਾਪ ਦੇ ਲਈ** ਇਕ ਕੁਰਬਾਨੀ ਦੇਣੀ ਜ਼ਰੂਰੀ ਸੀ। ਇਸ ਆਇਤ ਦੇ ਅਨੁਸਾਰ ਮਾਫ਼ੀ ਪਾਉਣ ਦੀ ਚਾਹ ਰੱਖਣ ਵਾਲੇ ਵਿਅਕਤੀ ਲਈ **ਇੱਜੜ ਵਿੱਚੋਂ ਲੇਲੀ** (ਜਾਂ **ਬੱਕਰਿਆਂ ਦੀ ਪੱਠ**) ਬਲੀ ਕੀਤੇ ਜਾਣ ਲਈ ਲਿਆਉਣੀ ਜ਼ਰੂਰੀ ਸੀ। ਸੰਭਵ ਤੌਰ ਤੇ ਕੀਤੀ ਜਾਣ ਵਾਲੀ ਪੂਰੀ ਰਸਮ ਉਹੀ ਸੀ ਜਿਹੜੀ ਪਾਪ ਦੀਆਂ ਹੋਰ ਬਲੀਆਂ ਚੜ੍ਹਾਉਣ ਵੇਲੇ ਵਰਤੀ ਜਾਂਦੀ ਸੀ।

ਮੂਸਾ ਦੀ ਸ਼ਰ੍ਹਾ ਵਿਚ ਜਦ ਅਸੀਂ ਇਹੋ ਜਿਹੇ ਸਪੱਸ਼ਟ ਨਿਯਮਾਂ ਬਾਰੇ ਪੜ੍ਹਦੇ ਹਾਂ, ਤਾਂ ਸਾਨੂੰ ਯਾਦ ਰੱਖਣ ਦੀ ਲੋੜ ਹੈ ਕਿ ਅਜਿਹੇ ਨਿਯਮ ਮਿਸਾਲ ਜਾਂ ਨਮੂਨੇ ਦਾ ਕੰਮ ਕਰਦੇ ਸਨ, ਜਿਸ ਨੂੰ ਹੋਰਨਾਂ ਸਥਿਤੀਆਂ ਵਿਚ ਵੀ ਅਪਣਾਇਆ ਜਾ ਸਕਦਾ ਸੀ। ਇਸ ਕਰਕੇ ਅਸੀਂ ਇਨ੍ਹਾਂ ਉਦਾਹਰਣਾਂ ਤੋਂ ਨਿਚੋੜ ਕੱਢ ਸਕਦੇ ਹਾਂ ਕਿ ਨਾਗਰਿਕ ਜਾਂ ਧਾਰਮਿਕ ਫ਼ਰਜ਼ ਨੂੰ ਪੂਰਾ ਨਾ ਕਰ ਸਕਣਾ ਪਾਪ ਸੀ, ਅਸ਼ੁੱਧਤਾ ਤੋਂ

ਸ਼ੁੱਧ ਹੋਣ ਸਬੰਧੀ ਰਸਮਾਂ ਨੂੰ ਨਜ਼ਰਅੰਦਾਜ਼ ਕਰਨਾ ਜਾਂ ਭੁੱਲ ਜਾਣਾ ਪਾਪ ਸੀ, ਅਤੇ ਕਿਸੇ ਸਹੁੰ ਜਾਂ ਕਸਮ ਨੂੰ ਨਾ ਪੂਰਾ ਕਰ ਪਾਉਣਾ ਪਾਪ ਸੀ। ਦੂਜੇ ਸ਼ਬਦਾਂ ਵਿਚ ਇਸਰਾਏਲੀ ਲਈ ਇਨ੍ਹਾਂ ਨਿਯਮਾਂ ਅਨੁਸਾਰ ਆਪਣੇ ਨਾਗਰਿਕ ਫ਼ਰਜ਼ ਨੂੰ ਪੂਰਾ ਕਰਨ ਲਈ, ਆਪਣੀ ਨਿੱਜੀ ਰਸਮੀ ਸ਼ੁੱਧਤਾ ਨੂੰ ਬਰਕਰਾਰ ਰੱਖਣਾ ਅਤੇ ਆਪਣੀ ਨਿੱਜੀ ਈਮਾਨਦਾਰੀ ਦੀ ਰਾਖੀ ਕਰਨਾ ਜ਼ਰੂਰੀ ਸੀ। ਇਨ੍ਹਾਂ ਤਿੰਨਾਂ ਵਿਚ ਕਿਸੇ ਵੀ ਗੱਲ ਵਿਚ ਨਾਕਾਮ ਹੋਣਾ ਪਾਪ ਸੀ ਜਿਹਦੇ ਲਈ ਪਾਪ ਦੀ ਬਲੀ ਜ਼ਰੂਰੀ ਸੀ।

## **ਗਰੀਬਾਂ ਲਈ ਪਾਪ ਦੀਆਂ ਭੇਟਾਂ: ਪੰਛੀ** (5:7-10)

**7ਤੇ ਜੇ ਉਹ ਇੱਕ ਲੇਲਾ ਲਿਆ ਨਾ ਸੱਕੇ ਤਾਂ ਉਹ ਆਪਣੇ ਪਾਪ ਦੇ ਲਈ ਜੋ ਉਸ ਨੇ ਕੀਤਾ ਹੈ**
**ਦੋ ਘੁੱਗੀਆਂ ਯਾ ਦੋ ਕਬੂਤਰਾਂ ਦੇ ਬੱਚੇ ਯਹੋਵਾਹ ਦੇ ਅੱਗੇ ਦੋਸ਼ ਦੀ ਭੇਟ ਕਰਕੇ ਲਿਆਵੇ, ਇੱਕ ਪਾਪ**
**ਦੀ ਭੇਟ ਦੇ ਲਈ ਅਤੇ ਦੂਜੀ ਹੋਮ ਦੀ ਭੇਟ ਦੇ ਲਈ 8ਅਤੇ ਉਨ੍ਹਾਂ ਨੂੰ ਜਾਜਕ ਕੋਲ ਲਿਆਵੇ ਅਤੇ ਉਹ**
**ਪਾਪ ਦੇ ਲਈ ਜਿਹੜੀ ਭੇਟ ਹੈ ਉਸ ਨੂੰ ਪਹਿਲੇ ਚੜ੍ਹਾਵੇ ਅਤੇ ਉਸ ਦੇ ਗਲੇ ਤੋਂ ਉਸ ਦਾ ਸਿਰ ਮਰੋੜ**
**ਲਵੇ ਪਰ ਉਸ ਨੂੰ ਚੀਰ ਕੇ ਅੱਡੋ ਅੱਡ ਨਾ ਕਰੇ 9ਅਤੇ ਉਸ ਪਾਪ ਦੀ ਭੇਟ ਦੇ ਲਹੂ ਤੋਂ ਜਗਵੇਦੀ ਦੇ**
**ਇੱਕ ਪਾਸੇ ਕੁਝ ਛਿਣਕੇ ਅਤੇ ਰਹਿੰਦਾ ਲਹੂ ਜਗਵੇਦੀ ਦੇ ਹੇਠ ਡੋਲ੍ਹਿਆ ਜਾਵੇ। ਇਹ ਪਾਪ ਦੀ ਭੇਟ ਹੈ**
**10ਅਤੇ ਉਹ ਦੂਜੀ ਨੂੰ ਹੋਮ ਬਲੀ ਕਰਕੇ ਮਰਯਾਦਾ ਦੇ ਅਨੁਸਾਰ ਚੜ੍ਹਾਵੇ ਅਤੇ ਜਾਜਕ ਉਸ ਦੇ ਪਾਪ ਦਾ**
**ਲਈ ਜੋ ਉਸ ਨੇ ਕੀਤਾ ਹੈ ਉਸ ਦਾ ਪ੍ਰਾਸਚਿਤ ਕਰੇ ਅਤੇ ਉਹ ਦੀ ਖਿਮਾ ਹੋ ਜਾਵੇਗੀ।**

ਯਹੋਵਾਹ ਦੀਆਂ ਸ਼ਰਤਾਂ ਦੀਆਂ ਅਗਲੀਆਂ ਕਈ ਆਇਤਾਂ ਨੇ ਗ਼ਰੀਬ ਤੋਂ ਗ਼ਰੀਬ ਲੋਕਾਂ ਨੂੰ ਆਪਣੇ ਅਪਰਾਧਾਂ ਲਈ ਪਾਪ ਦੀ ਭੇਟ ਚੜ੍ਹਾਉਣਾ ਸੰਭਵ ਬਣਾ ਦਿੱਤਾ।

**ਆਇਤ 7.** ਇਹ ਆਇਤ ਭਾਵੇਂ ਦਿੱਤੀ ਜਾਣ ਵਾਲੀ ਭੇਟ ਦੇ **ਦੋਸ਼ ਦੀ ਭੇਟ** ਬਾਰੇ ਦੱਸਦੀ ਹੈ ਪਰ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਹ ਹਵਾਲਾ ਅਜੇ ਪਾਪ ਦੀਆਂ ਭੇਟਾਂ ਦੀ ਗੱਲ ਕਰ ਰਿਹਾ ਹੈ। ਇਸ ਪੈਰ੍ਹੇ ਵਿਚ ਅਸੀਂ ਗ਼ਰੀਬ ਤੋਂ ਗ਼ਰੀਬਾਂ ਲਈ ਆਪਣੇ ਪਾਪ ਦੀਆਂ ਭੇਟਾਂ ਲਿਆਉਣ ਲਈ ਲੇਲੇ ਜਾਂ ਬੱਕਰੀ ਨਾਲੋਂ ਸਸਤੀ ਭੇਟ ਲਿਆਉਣ ਲਈ ਕੀਤੇ ਗਏ ਇੰਤਜ਼ਾਮ ਨੂੰ ਵੇਖਦੇ ਹਾਂ। ਵਚਨ ਉਨ੍ਹਾਂ ਲੋਕਾਂ ਦੀ ਗੱਲ ਦੱਸਦਾ ਹੈ ਜਿਹੜੇ **ਲੇਲਾ ਨਾ ਲਿਆ ਸੱਕਦੇ**[1] ਹੋਣ ਅਤੇ ਆਖਦਾ ਹੈ ਕਿ ਉਹ ਇਹਦੀ ਥਾਂ **ਦੋ ਘੁੱਗੀਆਂ ਯਾ ਦੋ ਕਬੂਤਰਾਂ** ਨੂੰ ਲਿਆ ਸਕਦੇ ਸਨ। ਇਨ੍ਹਾਂ ਵਿੱਚੋਂ ਇਕ **ਪਾਪ ਦੀ ਭੇਟ** ਅਤੇ ਦੂਜਾ **ਹੋਮ ਦੀ ਭੇਟ** ਹੋਣਾ ਸੀ।

**ਆਇਤਾਂ 8-10.** ਫਿਰ **ਜਾਜਕ** ਨੇ ਦੂਜੀਆਂ ਭੇਟਾਂ ਵਾਂਗ ਕੁਰਬਾਨੀ ਦੀ ਰਸਮ ਨੂੰ ਪੂਰਾ ਕਰਨਾ ਹੁੰਦਾ ਸੀ। ਉਹਨੇ ਪੰਛੀ ਨੂੰ ਬਿਨਾਂ ਚੀਰੇ **ਉਸ ਦੇ ਗਲੇ ਤੋਂ** ਮਰੋੜ ਕੇ **ਪਾਪ ਦੀ ਭੇਟ** ਦੇ ਰੂਪ ਵਿਚ ਵਰਤਣਾ ਹੁੰਦਾ ਸੀ (5:8)। ਉਹਨੇ ਲਹੂ ਵਿੱਚੋਂ ਲੈਂਕੇ **ਜਗਵੇਦੀ ਦੇ ਇਕ ਪਾਸੇ ਕੁਝ ਛਿਣਕਨਾ** ਹੁੰਦਾ ਸੀ, ਫਿਰ ਇਸ ਵਿੱਚੋਂ **ਰਹਿੰਦਾ ਜਗਵੇਦੀ ਦੇ ਹੇਠ** ਡੋਲ੍ਹਣਾ ਹੁੰਦਾ ਸੀ (5:9)। ਪੰਛੀ ਦੀ ਲਾਸ਼ ਦੇ ਸਬੰਧ ਵਿਚ ਹੋਰ ਕੁਝ ਨਹੀਂ ਕਿਹਾ ਗਿਆ, ਇਸ ਕਰਕੇ ਹੋ ਸਕਦਾ ਹੈ ਕਿ ਇਹ ਯਾਜਕਾਂ ਵੱਲੋਂ ਖਾ ਲਈ ਜਾਂਦੀ ਹੋਵੇ। **ਦੂਜਾ** ਪੰਛੀ **ਹੋਮ ਬਲੀ ਕਰਕੇ ਮਰਯਾਦਾ ਦੇ ਅਨੁਸਾਰ** (5:10) ਭਾਵ ਪਹਿਲਾਂ ਦਿੱਤੇ ਗਏ ਨਿਯਮਾਂ ਦੇ ਅਨੁਸਾਰ ਚੜ੍ਹਾਇਆ ਜਾਣਾ ਹੁੰਦਾ ਸੀ। ਹੋਮ ਬਲੀ ਸਾਰੀ ਦੀ ਸਾਰੀ ਜਗਵੇਦੀ ਉੱਤੇ ਸੜ ਜਾਂਦੀ ਸੀ ਇਸ ਕਰਕੇ ਯਾਜਕ ਦੂਜੇ ਪੰਛੀ ਵਿੱਚੋਂ ਕੁਝ ਨਹੀਂ ਖਾਂਦੇ ਹੋਣਗੇ।[2]

## **ਬੇਹੱਦ ਗ਼ਰੀਬਾਂ ਲਈ ਪਾਪ ਦੀਆਂ ਭੇਟਾਂ: ਮੈਦਾ** (5:11-13)

**11ਪਰ ਜੇ ਉਹ ਦੋ ਘੁੱਗੀਆਂ ਯਾ ਦੋ ਕਬੂਤਰਾਂ ਦੇ ਬੱਚੇ ਨਾ ਲਿਆ ਸਕੇ ਤਾਂ ਉਹ ਜੋ ਪਾਪੀ ਹੈ ਸੋ**

**ਆਪਣੀ ਭੇਟ ਵਿੱਚ ਇੱਕ ਮੈਦੇ ਦੇ ਏਫਾਹ ਦਾ ਦਸਵਾਂ ਹਿੱਸਾ ਪਾਪ ਦੀ ਭੇਟ ਕਰਕੇ ਲਿਆਵੇ, ਉਹ ਉਸ ਦੇ ਉੱਤੇ ਤੇਲ ਨਾ ਪਾਵੇ ਨਾ ਉਸ ਦੇ ਉਤੇ ਲੁਬਾਨ ਧਰੇ, ਕਿਉਂ ਜੋ ਉਹ ਪਾਪ ਦੀ ਭੇਟ ਹੈ [12]ਤਾਂ ਉਹ ਉਸ ਨੂੰ ਜਾਜਕ ਕੋਲ ਲਿਆਵੇ ਅਤੇ ਜਾਜਕ ਉਸ ਤੋਂ ਇੱਕ ਮੁੱਠ ਭਰਕੇ ਸਿਮਰਨ ਦੇ ਲਈ ਉਸ ਨੂੰ ਜਗਵੇਦੀ ਉੱਤੇ ਯਹੋਵਾਹ ਦੇ ਅੱਗੇ ਅੱਗ ਦੀਆਂ ਭੇਟਾਂ ਦੇ ਉੱਤੇ ਸਾੜੇ। ਇਹ ਪਾਪ ਦੀ ਭੇਟ ਹੈ [13]ਅਤੇ ਜਾਜਕ ਉਸ ਦੇ ਪਾਪ ਲਈ ਜੋ ਉਸ ਨੇ ਇਨ੍ਹਾਂ ਗੱਲਾਂ ਵਿੱਚੋਂ ਇੱਕ ਦਾ ਪਾਪ ਕੀਤਾ, ਪ੍ਰਾਸਚਿਤ ਕਰੇ ਅਤੇ ਉਸ ਦੀ ਖਿਮਾ ਹੋ ਜਾਵੇਗੀ। ਮੈਦੇ ਦੀ ਭੇਟ ਵਰਗਾ ਰਹਿੰਦਾ ਖੂੰਹਦਾ ਜਾਜਕ ਦਾ ਹੋਵੇ।**

ਅਗਲੇ ਭਾਗ ਦੇ ਨਿਰਦੇਸ਼ 5:7–10 ਵਾਲੇ ਨਿਰਦੇਸ਼ਾਂ ਦਾ ਹੀ ਅਗਲਾ ਹਿੱਸਾ ਹਨ। ਮਾਨਤਾ ਇਹ ਹੈ ਕਿ ਕੁਝ ਇਸਰਾਏਲੀ ਐਨੇ ਕੁ ਗ਼ਰੀਬ ਹੁੰਦੇ ਹੋਣਗੇ ਕਿ ਉਹ ਆਪਣੇ ਪਾਪਾਂ ਲਈ ਚੜ੍ਹਾਉਣ ਵਾਸਤੇ ਦੋ ਪੰਛੀ ਵੀ ਨਹੀਂ ਖਰੀਦ ਸਕਦੇ ਹੋਣਗੇ।

**ਆਇਤਾਂ 11-13.** ਗ਼ਰੀਬ ਤੋਂ ਗ਼ਰੀਬ ਨੂੰ[3] ਆਪਣੇ ਪਾਪਾਂ ਦੇ ਪ੍ਰਾਸਚਿਤ ਲਈ **ਭੇਟ** ਲਿਆਉਣ ਤੋਂ ਛੂਟ ਨਹੀਂ ਸੀ। ਪਰ ਉਨ੍ਹਾਂ ਨੂੰ **ਦੋ ਘੁੱਗੀਆਂ ਯਾ ਦੋ ਕਬੂਤਰਾਂ ਦੇ ਬੱਚੇ** ਨਾਲੋਂ ਸਸਤੀ ਕੋਈ ਚੀਜ਼ ਲਿਆਉਣ ਦੀ ਛੂਟ ਸੀ। ਉਹ ਜਾਨਵਰ ਜਾਂ ਪੰਛੀਆਂ ਦੀ ਥਾਂ **ਮੈਦੇ** ਦੀ ਭੇਟ ਲਿਆ ਸਕਦੇ ਸਨ। ਅਜਿਹੀ ਕੁਰਬਾਨੀ **ਏਫਾਹ ਦਾ ਦਸਵਾਂ ਹਿੱਸਾ** ਹੋਣੀ ਜ਼ਰੂਰੀ ਸੀ। ਏਫਾਹ ਲਗਭਗ ਇਕ ਬੁਸ਼ੇਲ ਜਿੰਨਾਂ ਹੁੰਦਾ ਸੀ, ਸੋ ਏਫਾਹ ਦਾ ਦਸਵਾਂ ਹਿੱਸਾ ਬੁਸ਼ੇਲ ਦੇ ਦਸਵੇਂ ਹਿੱਸੇ ਜਿਨਾਂ ਜਾਂ ਸ਼ਾਇਦ ਚਾਰ ਚੁਟਕੀਆਂ ਜਿੰਨਾ ਹੁੰਦਾ ਸੀ।[4] ਸਾਫ਼ ਹੈ ਕਿ ਇਹ ਦਾਨ ਲੇਲੇ ਜਾਂ ਪੰਛੀਆਂ ਦੇ ਜੋੜੇ ਨਾਲੋਂ ਬਹੁਤ ਸਸਤਾ ਹੁੰਦਾ ਹੋਵੇਗਾ।

ਭੇਟ ਯਾਜਕ ਕੋਲ ਓਸੇ ਹੀ ਤਰ੍ਹਾਂ ਲਿਆਂਦੀ ਜਾਣੀ ਜ਼ਰੂਰੀ ਸੀ ਜਿਵੇਂ ''ਮੈਦੇ ਦੀ ਭੇਟ'' ਚੜ੍ਹਾਈ ਜਾਂਦੀ ਸੀ, ਇਸ ਵਿਚ ਛੂਟ ਇਹ ਸੀ ਕਿ ਇਸ ਵਿਚ **ਤੇਲ** ਜਾਂ **ਲੁਬਾਨ** ਬਿਲਕੁਲ ਨਹੀਂ ਮਿਲਾਇਆ ਹੁੰਦਾ ਸੀ, ਨਾ ਹੀ ਇਸ ਨੂੰ ਪਕਾਇਆ ਜਾਂਦਾ ਸੀ (5:11)। ਪਰ ਮੈਦੇ ਦੀ ਭੇਟ ਵਾਂਗ, **ਸਿਮਰਨ ਦੇ ਲਈ** ਵਾਲੇ ਹਿੱਸੇ ਨੂੰ ਹੋਮ ਬਲੀ ਦੀ **ਜਗਵੇਦੀ ਉੱਤੇ ਯਹੋਵਾਹ ਦੇ ਅੱਗੇ ਅੱਗ ਦੀਆਂ ਭੇਟਾਂ ਦੇ ਉੱਤੇ** ਸਾੜਿਆ ਜਾਂਦਾ ਸੀ ਕਿਉਂ ਜੋ ਇਹ **ਪਾਪ ਦੀ ਭੇਟ** ਸੀ (5:12)। ਦੂਜੇ ਸ਼ਬਦਾਂ ਵਿਚ ਇਸ ਨੂੰ ਹੋਰਨਾਂ ਭੇਟਾਂ ਲਈ ਦਿੱਤੀਆਂ ਗਈਆਂ ਜਾਨਵਰਾਂ ਦੀਆਂ ਕੁਰਬਾਨੀਆਂ ਦੇ ਨਾਲ ਸਾੜਿਆ ਜਾਂਦਾ ਸੀ। ਫਿਰ ਪੰਛੀਆਂ ਦੀ ਭੇਟ ਨਾਲ ਸਬੰਧਿਤ ਜੋ ਕੁਝ ਅਣਕਹਿਆ ਰਹਿ ਗਿਆ ਉਹਨੂੰ ਮੈਦੇ ਦੀ ਭੇਟ ਵਿਚ ਦੱਸ ਦਿੱਤਾ ਗਿਆ ਕਿ ਉਹ ਹਿੱਸਾ ਜਿਹੜਾ ਜਗਵੇਦੀ ਉੱਤੇ ਸਾੜਿਆ ਨਹੀਂ ਜਾਂਦਾ ਸੀ, (5:13) **ਜਾਜਕ** ਨੇ ਖਾ ਲੈਣਾ ਹੁੰਦਾ ਸੀ।

ਪਾਪ ਦੀਆਂ ਭੇਟਾਂ ਦੀ ਚਰਚਾ ਅਧਿਆਇ 5 ਤੋਂ ਅਧਿਆਇ 6 ਤਕ ਅੱਗੇ ਲਿਜਾਈ ਜਾਂਦੀ ਹੈ। (ਅਧਿਆਇਆਂ ਦੀ ਵੰਡ ਬਾਈਬਲ ਦੇ ਲਿਖੇ ਜਾਣ ਦੇ ਬਹੁਤ ਦੇਰ ਬਾਅਦ ਹੋਈ ਸੀ।) 5:1–13 ਵਿਚ ਪਾਠਕ ਨੂੰ ਦੱਸਿਆ ਜਾਂਦਾ ਹੈ ਕਿ ਕੁਝ ਖ਼ਾਸ ਪਾਪਾਂ ਦੀ ਮਾਫ਼ੀ ਦੇ ਚਾਹਵਾਨ ਇਸਰਾਏਲੀ ਲਈ ਕੀ ਕਰਨਾ ਜ਼ਰੂਰੀ ਸੀ। 6:24–30 ਵਿਚਲੇ ਵਾਧੂ ਨਿਰਦੇਸ਼ਾਂ ਤੋਂ ਯਾਜਕਾਂ ਨੂੰ ਪਤਾ ਲਗਦਾ ਸੀ ਕਿ ਪਾਪ ਦੀ ਭੇਟ ਦੇ ਬਾਕੀ ਹਿੱਸੇ ਦਾ ਉਨ੍ਹਾਂ ਨੇ ਕੀ ਕਰਨਾ ਹੈ।

## ਪਾਪ ਦੀ ਭੇਟ ਦਾ ਮਹੱਤਵ

ਇਕ ਅਰਥ ਵਿਚ, ''ਪਾਪ ਦੀ ਭੇਟ'' ਇਸਰਾਏਲ ਦੇ ਧਰਮ ਵਿਚ ਇਕ ਨਵਾਂ ਵਾਧਾ ਸੀ। ਉਤਪਤ ਦੀ ਪੁਸਤਕ ਵਿਚ ਭਾਵੇਂ ''ਹੋਮ ਬਲੀਆਂ'' ਦਾ ਜ਼ਿਕਰ ਹੈ ਪਰ ਕੂਚ ਦੀ ਕਿਤਾਬ ਵਿਚ ਸੀਨੈ ਪਹਾੜ ਉੱਤੇ ਮੂਸਾ ਨੂੰ ਸ਼ਰ੍ਹਾ ਦਿੱਤੇ ਜਾਣ ਦੇ ਬਾਅਦ ਤਕ ''ਪਾਪ ਦੀਆਂ ਬਲੀਆਂ'' ਦੀ ਸ਼ੁਰੂਆਤ ਨਹੀਂ ਹੁੰਦੀ (ਵੇਖੋ ਕੂਚ 29:14, 36; 30:10)।

ਮੂਸਾ ਦੀ ਸ਼ਰ੍ਹਾ ਦਿੱਤੇ ਜਾਣ ਤੋਂ ਪਹਿਲਾਂ ਹੋਮ ਬਲੀਆਂ ਦੀ ਵਰਤੋਂ ਪਾਪ ਲਈ ਪ੍ਰਾਸਚਿਤ ਲਈ

ਕੀਤੀ ਜਾਂਦੀ ਸੀ। ਉਦਾਹਰਣ ਲਈ ਅੱਯੂਬ ਆਪਣੇ ਬੱਚਿਆਂ ਲਈ ''ਹੋਮ ਬਲੀਆਂ'' ਚੜ੍ਹਾਉਂਦਾ ਸੀ, ਕਿਉਂ ਜੋ ਉਸ ਦਾ ਕਹਿਣਾ ਹੁੰਦਾ ਸੀ ਕਿ ਹੋ ਸਕਦਾ ਹੈ ਕਿ ਉਨ੍ਹਾਂ ਨੇ ''ਪਾਪ ਕੀਤਾ ਹੋਵੇ ਅਤੇ ਆਪਣੇ ਮਨ ਵਿਚ ਪਰਮੇਸ਼ੁਰ ਨੂੰ ਫਿਟਕਾਰਿਆ ਹੋਵੇ'' (ਅੱਯੂਬ 1:5)।[5]

ਜੇ ਪਾਪ ਦੀਆਂ ਬਲੀਆਂ ਲਈ ਹੋਮ ਦੀਆਂ ਭੇਟਾਂ ਪਹਿਲਾਂ ਦਿੱਤੀਆਂ ਜਾ ਰਹੀਆਂ ਸਨ ਤਾਂ ਫਿਰ ਖ਼ੁਦਾ ਨੇ ਓਸੇ ਮਕਸਦ ਭਾਵ ਪਾਪ ਦੀ ਭੇਟ ਲਈ ਇਕ ਵੱਖਰੀ ਤਰ੍ਹਾਂ ਦੀ ਭੇਟ ਕਿਉਂ ਸ਼ੁਰੂ ਕਰ ਦਿੱਤੀ? ਇਸ ਦੇ ਕਈ ਸੰਭਵ ਜਵਾਬ ਹਨ।

ਡੇਰੇ ਵਿਚ ਬੰਦਗੀ ਦੀ ਸ਼ੁਰੂਆਤ ਜ਼ਾਹਿਰ ਤੌਰ ਤੇ ਬੰਦਗੀ ਦੀਆਂ ਉਨ੍ਹਾਂ ਗਤੀਵਿਧੀਆਂ ਦਾ ਰਸਮੀਕਰਣ ਕਰਨ ਲਈ ਸੀ ਜਿਹੜੀਆਂ ਇਸਰਾਏਲੀ ਲੋਕ ਪਹਿਲਾਂ ਕਰ ਰਹੇ ਸਨ। ਖ਼ੁਦਾ ਨੇ ਆਪਣੇ ਲੋਕਾਂ ਨਾਲ ਇਕ ਨੇਮ ਬੰਨ੍ਹਿਆ ਸੀ। ਉਸ ਦੀ ਹਦਾਇਤ ਤੇ ਉਨ੍ਹਾਂ ਨੇ ਉਹਦੇ ਲਈ ਆਪਣੀ ਬੰਦਗੀ ਦੇ ਕੇਂਦਰ ਵਜੋਂ ਮਿਲਾਪ ਦਾ ਤੰਬੂ ਬਣਾਇਆ ਸੀ। ਹੁਣ ਉਨ੍ਹਾਂ ਨੂੰ ਉਸ ਤੰਬੂ ਵਿਚ ਵਰਤਣ ਲਈ ਕੁਝ ਨਿਯਮਾਂ ਦੀ ਲੋੜ ਸੀ। ਜਿਸ ਗੱਲ ਦੀ ਉਨ੍ਹਾਂ ਨੂੰ ਸਮਝ ਆ ਗਈ ਸੀ ਉਹਨੂੰ ਸ਼ਬਦਾਂ ਵਿਚ ਢਾਲਣ ਦੀ ਲੋੜ ਸੀ ਭਾਵ ਜੋ ਪਹਿਲਾ ਤੈਅ ਸੀ ਉਹਨੂੰ ਸਪੱਸ਼ਟ ਹੋਣਾ ਜ਼ਰੂਰੀ ਸੀ। ਹੋਮ ਬਲੀਆਂ ਵਿਚਕਾਰ ਫ਼ਰਕ ਮੁੱਖ ਤੌਰ ਤੇ ਸ਼ੁਕਰਗੁਜ਼ਾਰੀ ਜਾਂ ਸਮਰਪਣ ਨੂੰ ਵਿਖਾਉਣ ਅਤੇ ਮਾਫ਼ੀ ਪਾਉਣ ਦੇ ਚਾਹਵਾਨਾਂ ਲਈ ਵਰਤਿਆ ਜਾਣਾ ਸੀ। ਇਸ ਕਰਕੇ ਖ਼ੁਦਾ ਨੇ ਪਾਪ ਦੀਆਂ ਭੇਟਾਂ ਅਤੇ ਦੋਸ਼ ਦੀਆਂ ਭੇਟਾਂ ਦੀ ਸ਼ੁਰੂਆਤ ਕੀਤੀ।

ਇਸ ਤੋਂ ਛੁੱਟ, ਕਿਉਂ ਜੋ ਪੁਰਾਣਾ ਨੇਮ ਨਵੇਂ ਨੇਮ ਦਾ ''ਪਰਛਾਵਾਂ'' ਸੀ (ਕੁਲੁੱਸੀਆਂ 2:17; ਇਬਰਾਨੀਆਂ 8:5; 10:1), ਇਸ ਕਰਕੇ ਖ਼ੁਦਾ ਨੇ ਭਵਿੱਖ ਦੀਆਂ ਪੀੜ੍ਹੀਆਂ ਨੂੰ ਹੋਰ ਸਪੱਸ਼ਟ ਕਰਨ ਲਈ ਪਾਪ ਦੀ ਭੇਟ ਦੀ ਸ਼ੁਰੂਆਤ ਕੀਤੀ ਕਿ ''ਪਾਪ ਦੀ ਭੇਟ'' ਦੇ ਰੂਪ ਵਿਚ ਮਸੀਹਾ ਦੀ ਮੌਤ ਦਾ ਕੀ ਅਰਥ ਹੋਣਾ ਸੀ। ਸਾਡੇ ਸਮੇਂ ਦੇ ਲੋਕ ਸਮੇਂ ਦੇ ਬੰਧਨ ਵਿਚ ਹਨ ਇਸ ਕਰਕੇ ਸਾਡੇ ਲਈ ਇਹ ਕਲਪਨਾ ਕਰਨਾ ਮੁਸ਼ਕਿਲ ਹੈ ਪਰ ਪਰਮੇਸ਼ੁਰ ਨੇ ਪਾਪ ਦੀ ਭੇਟ ਦਾ ਅਰੰਭ ਸੰਸਾਰ ਨੂੰ ਮੁਕਤੀ ਦਵਾਉਣ ਵਿਚ ਮਸੀਹ ਦੀ ਭੂਮਿਕਾ ਨੂੰ ਸਮਝਾਉਣ ਲਈ ਤਿਆਰ ਹੋਣ ਵਿਚ ਮਦਦ ਕਰਨ ਲਈ ਕੀਤਾ ਹੋ ਸਕਦਾ ਹੈ।

ਪਾਪ ਦੀ ਭੇਟ ਦੀ ਸਭ ਤੋਂ ਅਹਿਮ ਗੱਲ ਮਾਫ਼ੀ ਦਾ ਇਸ ਦਾ ਸੰਦੇਸ਼ ਹੈ। ਬਾਈਬਲ ਦੀ ਕਹਾਣੀ ਵਿਚ ਸਮੇਂ ਵਿਚ ਇੱਥੋਂ ਤਕ ਮਨੁੱਖ ਦੇ ਪਾਪੀ ਹੋਣ ਅਤੇ ਮਨੁੱਖ ਦੇ ਪਾਪ ਦੀ ਮੁਸ਼ਕਿਲ ਦੇ ਹੱਲ ਲਈ ਪਰਮੇਸ਼ੁਰ ਦੀ ਯੋਜਨਾ ਤੇ ਜ਼ੋਰ ਦਿੱਤਾ ਗਿਆ ਹੈ। ਇੱਥੇ ਅਖ਼ੀਰ ਵਿਚ ਮੁਕਤੀ ਦੀ ਤਲਾਸ਼ ਵਿਚ ਮਨੁੱਖੀ ਜੀਵ ਨੂੰ ਅਨੰਦ ਦੇਣ ਵਾਲੇ ਸ਼ਬਦ ਮਿਲ ਸਕਦੇ ਹਨ ਕਿ ''ਉਹਦੀ ਖਿਮਾ ਹੋ ਜਾਵੇਗੀ'' (4:20, 26, 31, 35)।

ਪਾਪ ਦੀ ਭੇਟ ਦੇ ਸਬੰਧ ਵਿਚ, ਵਚਨ ਆਖਦਾ ਹੈ ਕਿ ਆਤਮਿਕ ਤੌਰ ਤੇ ਜ਼ਿੰਦਾ ਰਹਿਣ ਲਈ ਲੋਕਾਂ ਨੂੰ ਜਿਸ ਮਾਫ਼ੀ ਦੀ ਲੋੜ ਹੈ, ਉਹ ਦਿਆਲੂ ਪਰਮੇਸ਼ੁਰ ਦੇ ਕੋਲ ਹੈ! ਬਾਕੀ ਦੀ ਬਾਈਬਲ ਇਸੇ ਵਿਸ਼ੇ ਨੂੰ ਵਿਸਤਾਰ ਦਿੰਦੀ ਹੈ।

## ਦੋਸ਼ ਦੀਆਂ ਭੇਟਾਂ ਸਬੰਧੀ ਨਿਯਮ ਦਾ ਦੇਣ ਵਾਲਾ (5:14)

**14ਅਤੇ ਯਹੋਵਾਹ ਮੂਸਾ ਨੂੰ ਬੋਲਿਆ।**

ਅਧਿਆਇ 5 ਦੇ ਆਖ਼ਰੀ ਦੋ ਪੈਰ੍ਹੇ ਭੇਟਾਂ ਦੇ ਸਬੰਧ ਵਿਚ ਇਨ੍ਹਾਂ ਨਿਯਮਾਂ ਦੇ ਦੇਣ ਵਾਲੇ ਦੀ ਇਕ ਅਹਿਮ ਯਾਦ-ਦਹਾਨੀ ਨਾਲ ਦਿੱਤੇ ਗਏ ਹਨ।

**ਆਇਤ 14. ਅਤੇ ਯਹੋਵਾਹ ਮੂਸਾ ਨੂੰ ਬੋਲਿਆ** ਦਾ ਫ਼ਾਰਮੂਲਾ ਇਹ ਸੁਝਾਅ ਦਿੰਦਾ ਹੈ ਕਿ ਇਹ

ਵਾਲਾ ਹਿੱਸਾ ਇਕ ਨਵੇਂ ਵਿਸ਼ੇ ਦੀ ਸ਼ੁਰੂਆਤ ਹੈ। ਉਹ ਨਵਾਂ ਵਿਸ਼ਾ ਦੋਸ਼ ਬਲੀ ਦਾ ਹੈ ਜਿਸ ਦੀ ਚਰਚਾ 5:14–6:7 ਵਿਚ ਕੀਤੀ ਗਈ ਹੈ।

''ਦੋਸ਼ ਦੀ ਭੇਟ'' ਇਬਰਾਨੀ ਸ਼ਬਦ *'asham* (*ਅਸ਼ਾਮ*) ਦਾ ਇਕ ਅਨੁਵਾਦ ਹੈ। ਅੰਗ੍ਰੇਜ਼ੀ ਦੇ ਕਈ ਸੰਸਕਰਣਾਂ ਵਿਚ ਜਿੱਥੇ ਇਸ ਸ਼ਬਦ ਦਾ ਅਨੁਵਾਦ ''ਦੋਸ਼ ਦੀ ਭੇਟ'' ਹੈ (NASB; NRSV; NIV; NAB; NJPSV; ESV), ਉੱਥੇ ਹੀ ਹੋਰਨਾਂ ਅਨੁਵਾਦਾਂ ਵਿਚ ''ਅਪਰਾਧ ਦੀ ਭੇਟ'' (KJV; NKJV) ਜਾਂ ''ਮੁਆਵਜ਼ੇ ਦੀ ਭੇਟ'' (REB) ਹੈ। NJB ਵਿਚ ''ਮੁਆਵਜ਼ੇ ਦੀ ਬਲੀ'' ਹੈ ਜਦ ਕਿ CEV ਵਿਚ ''ਚੀਜ਼ਾਂ ਨੂੰ ਦਰੁੱਸਤ ਕਰਨ ਲਈ ਕੁਰਬਾਨੀ'' ਹੈ। ਇਸ ਸ਼ਬਦ ਦਾ ਅਰਥ ''ਦੋਸ਼,'' ''ਹਰਜਾਨਾ,'' ''ਦੋਸ਼ ਦੀ ਭੇਟ,'' ਜਾਂ ''ਪ੍ਰਾਸਚਿਤ, ਮੁਆਵਜ਼ੇ ਦਾ ਦਾਨ'' ਹੋ ਸਕਦਾ ਹੈ।[6]

ਵਚਨ ਇਹ ਸੰਕੇਤ ਦਿੰਦਾ ਹੈ ਕਿ ਦੋਸ਼ ਦੀਆਂ ਭੇਟਾਂ ਪਾਪ ਦੀਆਂ ਦੋ ਕਿਸਮਾਂ ਲਈ ਦੱਸੀਆਂ ਗਈਆਂ ਸਨ। (1) ਇਹ ਭੇਟਾਂ ਯਹੋਵਾਹ ਦੀਆਂ ''ਪਵਿੱਤਰ ਵਸਤਾਂ'' ਦੇ ਵਿਰੁੱਧ ਕੀਤੇ ਗਏ ਪਾਪਾਂ ਦੀ ਮਾਫ਼ੀ ਲਈ ਜ਼ਰੂਰੀ ਸਨ (5:15–19), (2) ਕਿਸੇ ਹੋਰ ਦੀ ਜਾਇਦਾਦ ਉੱਤੇ ਕਬਜ਼ਾ ਕਰਨ ਦੇ ਪਾਪਾਂ ਦੀ ਮਾਫ਼ੀ ਲਈ ਇਹ ਜ਼ਰੂਰੀ ਸਨ (6:1–7)। ਇਸ ਕਰਕੇ ਅਜਿਹਾ ਲਗਦਾ ਹੈ ਕਿ ''ਅਪਰਾਧ'' ਜਾਂ ''ਦੋਸ਼ ਦੀ ਭੇਟ'' ਦੀ ਖ਼ਾਸ ਖੂਬੀ ਇਹ ਸੀ ਕਿ ਇਹ ਉਨ੍ਹਾਂ ਪਾਪਾਂ ਲਈ ਵਰਤੀ ਜਾਂਦੀ ਸੀ ਜਿਨ੍ਹਾਂ ਲਈ ਹਰਜਾਨਾ ਜਾਂ ਬਹਾਲੀ ਹੋ ਸਕੇ, ਜਾਂ ਜਿਨ੍ਹਾਂ ਲਈ ਮੁਆਵਜ਼ਾ ਦਿੱਤਾ ਜਾ ਸਕਦਾ ਸੀ। ਇਕ ਲੈਕਸਿਕਨ ਦੇ ਅਨੁਸਾਰ, ''ਇਹ ਭੇਟ ਪਰਮੇਸ਼ੁਰ ਜਾਂ ਮਨੁੱਖ ਦੇ ਵਿਰੁੱਧ ਕੀਤੇ ਜਾਣ ਵਾਲੇ ਉਨ੍ਹਾਂ ਅਪਰਾਧਾਂ ਨਾਲ ਸਬੰਧਿਤ ਲਗਦੀ ਹੈ ਜਿਨ੍ਹਾਂ ਦਾ ਅੰਦਾਜ਼ਾ ਲਾ ਕੇ ਉਨ੍ਹਾਂ ਦਾ ਮੁਆਵਜ਼ਾ ਦਿੱਤਾ ਜਾ ਸਕਦਾ ਸੀ।''[7]

## ਪਰਮੇਸ਼ੁਰ ਦੀਆਂ ''ਪਵਿੱਤਰ ਗੱਲਾਂ'' ਦੇ ਵਿਰੁੱਧ ਪਾਪਾਂ ਲਈ ਦੋਸ਼ ਬਲੀਆਂ (5:15, 16)

**15ਜੇ ਕੋਈ ਪ੍ਰਾਣੀ ਦੋਸ਼ ਕਰੇ ਅਤੇ ਯਹੋਵਾਹ ਦੀਆਂ ਪਵਿੱਤਰ ਗੱਲਾਂ ਵਿੱਚ ਅਣਜਾਣ ਹੋਕੇ ਪਾਪ ਕਰੇ ਤਾਂ ਉਹ ਯਹੋਵਾਹ ਦੇ ਅੱਗੇ ਇੱਜੜਾਂ ਵਿੱਚੋਂ ਇੱਕ ਬੱਜ ਤੋਂ ਰਹਿਤ ਛੱਤ੍ਰਾ ਲਿਆਵੇ ਅਤੇ ਤੂੰ ਚਾਂਦੀ ਦਿਆਂ ਸ਼ਕਲਾਂ ਦੇ ਲੇਖੇ ਤੋਂ ਪਵਿੱਤਰ ਅਸਥਾਨ ਦੇ ਸ਼ਕਲ ਅਨੁਸਾਰ ਦੋਸ਼ ਦੀ ਭੇਟ ਕਰਕੇ ਉਸ ਦਾ ਮੁੱਲ ਠਹਿਰਾਵੀਂ 16ਅਤੇ ਉਸ ਨੇ ਉਸ ਪਵਿੱਤਰ ਗੱਲ ਵਿੱਚ ਜਿਹੜਾ ਘਾਟਾ ਪਾਇਆ ਸੋ ਉਸ ਦਾ ਵੱਟਾ ਦੇਵੇ, ਨਾਲੇ ਇੱਕ ਪੰਜਵਾਂ ਹਿੱਸਾ ਹੋਰ ਪਾਕੇ ਜਾਜਕ ਨੂੰ ਦੇਵੇ ਅਤੇ ਜਾਜਕ ਦੋਸ਼ ਦੀ ਭੇਟ ਦੇ ਛੱਤ੍ਰੇ ਨਾਲ ਉਸ ਦੇ ਲਈ ਪ੍ਰਾਸਚਿਤ ਕਰੇ, ਅਤੇ ਉਹ ਦੀ ਖਿਮਾ ਹੋ ਜਾਵੇਗੀ।**

ਦੋਸ਼ ਦੀਆਂ ਭੇਟਾਂ ਸਬੰਧੀ ਪਰਮੇਸ਼ੁਰ ਦੇ ਸੰਦੇਸ਼ ਦੇ ਇਸ ਭਾਗ ਵਿਚ ਪਾਪ ਦੀਆਂ ਜਿਨ੍ਹਾਂ ਦੋ ਪਹਿਲੀਆਂ ਸ਼੍ਰੇਣੀਆਂ ਦੀ ਗੱਲ ਕੀਤੀ ਗਈ ਹੈ ਉਨ੍ਹਾਂ ਵਿਚ ਪਰਮੇਸ਼ੁਰ ਦੀਆਂ ''ਪਵਿੱਤਰ ਗੱਲਾਂ'' ਦੇ ਵਿਰੁੱਧ ਪਾਪ ਸ਼ਾਮਿਲ ਹਨ।

**ਆਇਤ 15.** ਯਹੋਵਾਹ ਦੀਆਂ **ਪਵਿੱਤਰ ਗੱਲਾਂ** ਦੇ ਵਿਰੁੱਧ ਪਾਪਾਂ ਲਈ **ਦੋਸ਼ ਦੀ ਭੇਟ** ਦੇ ਰੂਪ ਵਿਚ **ਇਕ ਬੱਜ ਤੋਂ ਰਹਿਤ ਛੱਤ੍ਰਾ** ਜ਼ਰੂਰੀ ਸੀ। ਗੋਰਡਨ ਜੇ. ਵੈਨਹਮ ਦੇ ਅਨੁਸਾਰ ''ਪਵਿੱਤਰ ਗੱਲਾਂ'' ਦਾ ਅਨੁਵਾਦ ''ਪਵਿੱਤਰ ਜਾਇਦਾਦ'' ਹੋ ਸਕਦਾ ਹੈ ਅਤੇ ਇਹ ਯਾਜਕਾਂ ਨੂੰ ਦਿੱਤੇ ਜਾਣ ਵਾਲੇ ਚੜ੍ਹਾਵਿਆਂ ਸਮੇਤ ''ਲੋਕਾਂ ਵੱਲੋਂ ਪਰਮੇਸ਼ੁਰ ਨੂੰ ਅਰਪਿਤ ਕੀਤੀ ਕਿਸੇ ਵੀ ਚੀਜ਼'' ਲਈ ਹੋ ਸਕਦਾ ਸੀ[8] (ਵੇਖੋ ਅਧਿਆਇ 27)।

ਬੱਜ ਰਹਿਤ ਲੇਲਾ ਯਾਜਕਾਂ ਵੱਲੋਂ ਠਹਿਰਾਈ ਗਈ ਇਕ ਖ਼ਾਸ ਕੀਮਤ ਦਾ ਹੋਣਾ ਜ਼ਰੂਰੀ ਸੀ।

NASB ਵਿਚ ਕਿਹਾ ਗਿਆ ਹੈ ਕਿ ਦਿੱਤਾ ਜਾਣ ਵਾਲਾ ਲੇਲਾ **ਚਾਂਦੀ ਦਿਆਂ ਸ਼ਕਲਾਂ** *[ਯਾਜਕ ਦੇ]* **ਲੇਖੇ ਤੋਂ ਪਵਿੱਤਰ ਅਸਥਾਨ ਦੇ ਸ਼ਕਲ ਅਨੁਸਾਰ** ਚੜ੍ਹਾਇਆ ਜਾਣਾ ਜ਼ਰੂਰੀ ਸੀ। ਵਿਚਾਰ ਇਹ ਹੈ ਕਿ ਲੇਲਾ ਜਿਵੇਂ ਕਿ NIV ਵਿਚ ਅਨੁਵਾਦ ਹੈ, ''ਚਾਂਦੀ ਦੇ ਬਰਾਬਰ ਸਹੀ ਕੀਮਤ ਵਾਲਾ'' ਹੋਣਾ ਜ਼ਰੂਰੀ ਸੀ। ''ਪਵਿੱਤਰ ਅਸਥਾਨ ਦਾ ਸ਼ਕਲ'' ਤੋਲ ਦਾ ਇਕ ਨਾਪ ਸੀ (ਸ਼ਾਇਦ ਡੇਰੇ ਦੇ ਅਹਾਤੇ ਦੇ ਅੰਦਰ ਰੱਖਿਆ ਇਕ ਵਜ਼ਨ ), ਜੋ ਉਸ ਸਮੇਂ ਦੇ ਵਰਤੋਂ ਵਿਚ ਹੋਰਨਾਂ ਸ਼ਕਲਾਂ ਨਾਲੋਂ ਫ਼ਰਕ ਹੋਵੇਗਾ।

ਹੋ ਸਕਦਾ ਹੈ ਕਿ ਇਹ ਵੇਰਵਾ ਉਨ੍ਹਾਂ ਲਈ ਜਿਹੜੇ ਲੇਲੇ ਦੀ ਅਸਲ ਭੇਟ ਦੀ ਬਜਾਇ ਲੇਲੇ ਦੀ ਕੀਮਤ ਦੇਣਾ ਚੁਣਦੇ ਹੋਣ, ਸਮਝਣਾ ਅਸਾਨ ਕਰਨ ਲਈ ਦਿੱਤਾ ਹੋਵੇ।[9] ਜੇਕਬ ਮਿਲਗ੍ਰੋਮ ਨੇ ਇਸ ਭੇਟ ਨੂੰ ''*ਚਾਂਦੀ* ਵਿਚ ਬਦਲਣ ਯੋਗ ਕੁਰਬਾਨੀ''[10] ਆਖਿਆ ਹੈ। CEV ਵਿਚ ਇਹ ਅਨੁਵਾਦ/ਵਿਆਖਿਆ ਦਿੱਤੀ ਗਈ ਹੈ; ''ਜਾਂ ਤਾਂ ਅਜਿਹਾ ਲੇਲਾ ਬਲੀ ਕਰੋ ਜਿਸ ਵਿਚ ਕੋਈ ਨੁਕਸ ਨਾ ਹੋਵੇ ਜਾਂ ਫਿਰ ਲੇਲੇ ਦੀ ਉਹ ਕੀਮਤ ਦਿਓ ਜਿਹੜੀ ਯਾਜਕਾਂ ਵੱਲੋਂ ਅਧਿਕਾਰਿਤ ਤੌਰ ਤੇ ਵਰਤੀ ਜਾਂਦੀ ਹੋਵੇ।'' ਇਹ ਤੱਥ ਕਿ ਲੇਲਾ (ਪੱਠ ਜਾਂ ਲੇਲੀ ਨਾਲੋਂ ਵਧੇਰੇ ਮਹਿੰਗਾ ਜਾਨਵਰ) ਜ਼ਰੂਰੀ ਸੀ, ਸੁਝਾਅ ਦਿੰਦਾ ਹੈ ਕਿ ਅਜਿਹਾ ਪਾਪ ਭਾਵ ਪਰਮੇਸ਼ੁਰ ਦੀਆਂ ''ਪਵਿੱਤਰ ਗੱਲਾਂ'' ਦੇ ਵਿਰੁੱਧ ਕੀਤਾ ਗਿਆ ਪਾਪ ਆਮ ਪਾਪ ਨਾਲੋਂ ਜਿਹਦੇ ਲਈ ਪਾਪ ਦੀ ਭੇਟ ਜ਼ਰੂਰੀ ਸੀ, ਬਹੁਤਾ ਗੰਭੀਰ ਸੀ।

ਇਸ ਹਵਾਲੇ ਵਿਚ ਕਿਸ ਤਰ੍ਹਾਂ ਦੇ ਪਾਪ ਦੀ ਗੱਲ ਹੋ ਸਕਦੀ ਹੈ? ਪਾਪ ਦੀ ਕਿਸਮ ਦਾ ਇਨ੍ਹਾਂ ਤਿੰਨਾਂ ਤੱਥਾਂ ਤੋਂ ਸੁਝਾਅ ਮਿਲ ਸਕਦਾ ਹੈ। (1) ਇਸ ਨੂੰ ਕਰਨ ਵਾਲਾ ਵਿਅਕਤੀ **ਦੋਸ਼** ਕਰ ਰਿਹਾ ਸੀ। (2) ਨਾਦਾਬ ਅਤੇ ਅਬੀਹੂ ਦੇ ਪਾਪ ਦੇ ਉਲਟ ਜਿਨ੍ਹਾਂ ਨੇ ਯਹੋਵਾਹ ਦੇ ਅੱਗੇ ''ਓਪਰਾ ਧੂਪ'' ਜਾਣ-ਬੁੱਝ ਕੇ ਧੁਖਾਇਆ ਸੀ, ਉਹਨੇ **ਅਣਜਾਣ ਹੋ ਕੇ** ਅਪਰਾਧ ਕੀਤਾ ਸੀ (10:1, 2)। (3) ਕਿਸੇ ਨਾ ਕਿਸੇ ਤਰੀਕੇ ਇਹ ਪਾਪ ਕਿਸੇ ਅਜਿਹੀ ਗ਼ਲਤੀ ਦਾ ਸੀ ਜਿਹਦੇ ਲਈ ਮੁਆਵਜ਼ਾ ਦਿੱਤਾ ਜਾਣਾ ਵਾਜਬ ਸੀ। ਟੀਕਾਕਾਰ ਆਮ ਤੌਰ ਤੇ ਇਸ ਪਾਪ ਨੂੰ ਉਹਦੇ ਗਬਨ ਨਾਲ ਜੋੜਦੇ ਹਨ ਜਿਹੜਾ ਪਰਮੇਸ਼ੁਰ ਦਾ ਹੈ, ਭਾਵ ਜੋ ਪਰਮੇਸ਼ੁਰ ਨੂੰ ਦੇਣਾ ਬਣਦਾ ਸੀ ਉਹ ਨਾ ਦੇ ਸਕੇ, ਜਿਵੇਂ ਦਸਵੰਧ ਜਾਂ ਪਹਿਲੇ ਫਲ।

ਇਹੋ ਜਿਹਾ ਪਾਪ ਕਿਸ ਤਰ੍ਹਾਂ ਦਾ ਲਗਦਾ ਹੋਵੇਗਾ? ''ਦੋਸ਼'' ਸ਼ਬਦ ਇਹ ਸੰਕੇਤ ਦਿੰਦਾ ਹੈ ਕਿ ਪਾਪੀ ਵਿਅਕਤੀ ਖ਼ੁਦਾ ਦੀ ਸ਼ਰ੍ਹਾ ਦੇ ਪ੍ਰਤੀ ਵਫ਼ਾਦਾਰ ਨਹੀਂ ਸੀ; ਕਿਸੇ ਤਰੀਕੇ ਨਾਲ ਉਹਨੇ ''ਪਵਿੱਤਰ ਗੱਲਾਂ'' ਦੇ ਸਬੰਧ ਵਿਚ ਪਰਮੇਸ਼ੁਰ ਦੀ ਸ਼ਰ੍ਹਾ ਨੂੰ ਤੋੜਿਆ ਸੀ। ਪਰ ਉਹਨੇ ਅਜਿਹਾ ਬਿਨਾਂ ਇਰਾਦੇ ਦੇ ਕੀਤਾ; ਜਾਂ ਉਹਨੇ ਸਚਮੁਚ ਵਿਚ ਕੋਈ ਗ਼ਲਤੀ ਕੀਤੀ ਜਾਂ ਉਹ ਭੁੱਲ ਗਿਆ ਜਾਂ ਉਹਨੇ ਥੋੜ੍ਹੀ ਦੇਰ ਲਈ ਜੋ ਖ਼ੁਦਾ ਚਾਹੁੰਦਾ ਸੀ ਉਹਨੂੰ ਕਰਨ ਤੋਂ ਲਾਪਰਵਾਹੀ ਕੀਤੀ।

ਇਕ ਇਸਰਾਏਲੀ ਕਈ ਤਰੀਕਿਆਂ ਨਾਲ ਪਰਮੇਸ਼ੁਰ ਦੀਆਂ ''ਪਵਿੱਤਰ ਗੱਲਾਂ'' ਦੇ ਵਿਰੁੱਧ ਪਾਪ ਕਰ ਸਕਦਾ ਸੀ। ਹੋ ਸਕਦਾ ਸੀ ਕਿ ਉਹ ਯਾਜਕਾਂ ਦੇ ਫ਼ਾਇਦੇ ਲਈ ਕੁਰਬਾਨੀ ਵਜੋਂ ਆਪਣੀ ਫ਼ਸਲ ਦੇ ਪਹਿਲੇ ਫਲਾਂ ਨੂੰ ਲਿਆਉਣਾ ਭੁੱਲ ਜਾਵੇ। ਹੋ ਸਕਦਾ ਹੈ ਕਿ ਉਹ ਯਾਜਕਾਂ ਲਈ ਠਹਿਰਾਏ ਹੋਏ ਭੋਜਨ ਵਿੱਚੋਂ ਬੇਧਿਆਨੇ ਖਾ ਲਵੇ (ਵੇਖੋ 22:14)। ਹੋ ਸਕਦਾ ਹੈ ਕਿ ਉਹ ਯਹੋਵਾਹ ਨੂੰ ਕੋਈ ਚੀਜ਼ ਦੇਣ ਦੀ ਸਹੁੰ ਖਾ। – ਜਿਵੇਂ ਘਰ ਅਤੇ ਜਾਇਦਾਦ – ਅਤੇ ਫਿਰ ਉਹਨੂੰ ਨਜ਼ਰਅੰਦਾਜ਼ ਕਰ ਦਏ।

**ਆਇਤ 16.** ਤਾਂ ਫਿਰ ਉਹਦੇ ਲਈ ਕੀ ਕਰਨਾ ਜ਼ਰੂਰੀ ਸੀ? ਪਹਿਲਾਂ ਉਹਦੇ ਲਈ ਆਪਣੀ ਭੁੱਲ ਲਈ **ਵੱਟਾ** ਜਾਂ ਮੁਆਵਜ਼ਾ ਦੇਣਾ ਜ਼ਰੂਰੀ ਸੀ। ਇਹ ਹਾਸਲ ਕਰਨ ਲਈ ਉਹਦੇ ਲਈ ਯਹੋਵਾਹ ਦੇ ਨੁਮਾਇੰਦਿਆਂ ਨੂੰ ਭਾਵ ਯਾਜਕਾਂ ਨੂੰ ਉਨ੍ਹਾਂ ਚੀਜ਼ਾਂ ਦੀ ਕੀਮਤ ਦੇਣੀ ਜ਼ਰੂਰੀ ਸੀ ਜਿਹੜੀਆਂ ਉਹ ਨੇ ਯਹੋਵਾਹ ਤੋਂ ਰੱਖ ਲਈਆਂ ਸਨ। ਪਹਿਲੇ ਫਲਾਂ ਦੀ ਕੀਮਤ ਜਾਂ ਯਾਜਕਾਂ ਦੇ ਖਾਣੇ ਦੀ ਕੀਮਤ ਜਿਹੜਾ ਉਹਨੇ ਅਣਜਾਣਪੁਣੇ ਵਿਚ ਖਾ ਲਿਆ ਸੀ ਜਾਂ ਉਸ ਚੀਜ਼ ਦੀ ਕੀਮਤ ਜਿਹੜੀ ਉਹਨੇ ਦੇਣ ਦੀ ਸੁੱਖਣਾ ਸੁੱਖੀ ਸੀ, ਦੇ ਨਾਲ **ਪੰਜਵਾਂ ਹਿੱਸਾ** ਜਾਂ 20 ਫ਼ੀਸਦੀ ਰਲਾ ਕੇ।

ਫਿਰ ਪਾਪੀ ਲਈ **ਦੋਸ਼ ਦੀ ਭੇਟ** ਦੇਣ ਲਈ **ਛੱਤ੍ਰੇ** ਨੂੰ ਦੇਣਾ ਜ਼ਰੂਰੀ ਸੀ। **ਜਾਜਕ** ਉਸ ਛੱਤ੍ਰੇ ਨੂੰ

ਬਲੀ ਕਰਦਾ ਅਤੇ ਦੋਸ਼ੀ ਵਿਅਕਤੀ ਲਈ **ਪ੍ਰਾਸਚਿਤ** ਕਰਦਾ। ਇਸ ਹਵਾਲੇ ਵਿਚ ਇਸ ਦਾ ਕੋਈ ਵੇਰਵਾ ਨਹੀਂ ਦਿੱਤਾ ਗਿਆ ਕਿ ਦੋਸ਼ ਦੀ ਭੇਟ ਕਿਵੇਂ ਚੜ੍ਹਾਈ ਜਾਂਦੀ ਸੀ। ਹੋ ਸਕਦਾ ਹੈ ਕਿ ਦੋਸ਼ ਦੀ ਭੇਟ ਚੜ੍ਹਾਏ ਜਾਣ ਦਾ ਤਰੀਕਾ 7: 1–7 ਵਾਲਾ ਹੀ ਹੋਵੇ। ਬੁਨਿਆਦੀ ਤੌਰ ਤੇ ਪਾਪ ਦੀਆਂ ਹੋਰ ਭੇਟਾਂ ਵਿਚਲੀ ਰਸਮ ਹੀ ਵਰਤੀ ਜਾਂਦੀ ਸੀ, ਜਿਸ ਵਿਚ ਲੇਲੇ ਦੇ ਚਰਬੀ ਵਾਲੇ ਹਿੱਸੇ ਜਗਵੇਦੀ ਉੱਤੇ ਸਾੜ ਦਿੱਤੇ ਜਾਂਦੇ ਅਤੇ ਦੋਸ਼ ਦੀ ਭੇਟ ਦਾ ਬਾਕੀ ਹਿੱਸਾ ਯਾਜਕ ਖਾ ਲੈਂਦੇ।

## ਹੋਰ ਪਾਪਾਂ ਲਈ ਦੋਸ਼ ਦੀਆਂ ਭੇਟਾਂ ਜਿਨ੍ਹਾਂ ਲਈ ਮੁਆਵਜ਼ਾ ਜ਼ਰੂਰੀ ਸੀ (5:17-19)

**[17]ਜੇ ਕੋਈ ਪ੍ਰਾਣੀ ਪਾਪ ਕਰੇ ਅਤੇ ਯਹੋਵਾਹ ਦੀਆਂ ਆਗਿਆਂ ਵਿੱਚ ਜਿਹੜੀਆਂ ਕਰਨ ਜੋਗ ਨਹੀਂ ਹਨ ਉਨ੍ਹਾਂ ਗੱਲਾਂ ਵਿੱਚੋਂ ਕਿਸੇ ਨੂੰ ਕਰੇ, ਭਾਵੇਂ ਉਸ ਨੂੰ ਖਬਰ ਭੀ ਨਾ ਹੋਵੇ ਤਾਂ ਭੀ ਉਹ ਦੋਸ਼ੀ ਹੈ ਅਤੇ ਆਪਣਾ ਪਾਪ ਚੁੱਕੇ [18]ਅਤੇ ਉਹ ਇੱਜੜ ਵਿੱਚੋਂ ਬੱਜ ਤੋਂ ਰਹਿਤ ਇੱਕ ਛੱਤ੍ਰਾ ਤੇਰੇ ਮੁੱਲ ਠਹਿਰਾਉਣ ਦੇ ਅਨੁਸਾਰ ਦੋਸ਼ ਦੀ ਭੇਟ ਲਈ ਜਾਜਕ ਕੋਲ ਲਿਆਵੇ ਅਤੇ ਜਾਜਕ ਉਸ ਦੇ ਲਈ ਉਸ ਅਣਜਾਣ ਪੁਣੇ ਦੀ, ਜਿਸ ਦੇ ਵਿੱਚ ਉਸ ਨੇ ਪਾਪ ਕੀਤਾ ਸੀ ਅਤੇ ਉਸ ਨੂੰ ਖਬਰ ਨਹੀਂ ਹੋਈ ਸੀ, ਪ੍ਰਾਸਚਿਤ ਕਰੇ ਅਤੇ ਉਸ ਨੂੰ ਖਿਮਾ ਹੋ ਜਾਵੇਗੀ [19]ਇਹ ਦੋਸ਼ ਦੀ ਭੇਟ ਹੈ, ਉਸ ਯਹੋਵਾਹ ਦੇ ਅੱਗੇ ਜਰੂਰ ਪਾਪ ਕੀਤਾ।**

ਯਹੋਵਾਹ ਨੇ ਇਕ ਹੋਰ ਪਾਪ ਦਾ ਵਰਣਨ ਕੀਤਾ ਜਿਹਦੇ ਲਈ ਦੋਸ਼ ਦੀ ਭੇਟ ਜ਼ਰੂਰੀ ਹੋਣੀ ਸੀ।

**ਆਇਤਾਂ 17-19.** ਇਨ੍ਹਾਂ ਆਇਤਾਂ ਵਿਚ ਜਿਸ ਪਾਪ ਦੀ ਗੱਲ ਕੀਤੀ ਗਈ ਉਹਨੂੰ ਉਹ ਕਰਨਾ ਕਿਹਾ ਗਿਆ ਹੈ ਜਿਸ ਦੀ **ਯਹੋਵਾਹ** ਨੇ ਸ਼ਰ੍ਹਾ ਵਿਚ ਮਨਾਹੀ ਕੀਤੀ ਸੀ। ਉਸ ਨਾਲੋਂ ਵਧ ਕੇ ਵਚਨ ਇਹ ਦੱਸਦਾ ਹੈ ਕਿ ਪਾਪ ਕਰਨ ਵਾਲੇ ਵਿਅਕਤੀ ਨੂੰ ਆਪਣੇ ਪਾਪ ਦੀ **ਖ਼ਬਰ ਭੀ ਨਾ** ਸੀ (5: 17); ਭਾਵ ਇਹ ਪਾਪ ਉਹਨੇ ਅਣਜਾਣਪੁਣੇ ਵਿਚ ਕੀਤਾ ਅਤੇ **ਉਸ ਨੂੰ ਖ਼ਬਰ ਨਹੀਂ ਹੋਈ ਸੀ** (5: 18)। ਗ਼ਲਤੀ ਕਰਨ ਵੇਲੇ ਉਸ ਨੂੰ ਪਤਾ ਨਹੀਂ ਸੀ ਕਿ ਉਹ ਗ਼ਲਤੀ ਕਰ ਰਿਹਾ ਹੈ ਪਰ ਇਹ ਹਵਾਲਾ ਇਹ ਸਾਬਿਤ ਕਰ ਦਿੰਦਾ ਹੈ ਕਿ ਇਸਦੇ ਬਾਵਜੂਦ ਉਹ ਨੇ **ਪਾਪ ਕੀਤਾ** ਸੀ ਅਤੇ ਉਸ ਨੂੰ ਸਜ਼ਾ ਮਿਲਣੀ ਜ਼ਰੂਰੀ ਸੀ (5: 19)।

ਮਾਫ਼ ਕੀਤੇ ਜਾਣ ਲਈ ਉਹਦੇ ਲਈ ਦੋਸ਼ ਦੀ ਭੇਟ ਚੜ੍ਹਾਉਣੀ ਜ਼ਰੂਰੀ ਸੀ: ਜੋ ਕਿ ਫੇਰ **ਬੱਜ ਤੋਂ ਰਹਿਤ ਇਕ ਛੱਤ੍ਰਾ** ਸੀ (5: 18)। ਯਾਜਕ ਵੱਲੋਂ ਭੇਟ ਦੇ ਨਾਲ ਪ੍ਰਾਸਚਿਤ ਕੀਤੇ ਜਾਣ ਤੋਂ ਬਾਅਦ ਪਾਪੀ ਨੂੰ ਮਾਫ਼ੀ ਮਿਲ ਜਾਂਦੀ ਸੀ। ਲੇਲੇ ਦਾ 7: 1–7 ਵਿਚਲੇ ਨਿਰਦੇਸ਼ਾਂ ਅਨੁਸਾਰ ਚੜ੍ਹਾਇਆ ਜਾਣਾ ਜ਼ਰੂਰੀ ਸੀ।

ਮੁਆਵਜ਼ੇ ਦਾ ਕੋਈ ਜ਼ਿਕਰ ਨਹੀਂ ਹੈ। ਤਾਂ ਫਿਰ ਇਸ ਪਾਪ ਦੀ ਭੇਟ ਨੂੰ **ਦੋਸ਼ ਦੀ ਭੇਟ** ਕਿਵੇਂ ਕਿਹਾ ਜਾ ਸਕਦਾ ਹੈ (5: 18, 19)? ਇਸ ਸਵਾਲ ਦਾ ਜਵਾਬ ਇਹ ਮੰਨ ਕੇ ਦਿੱਤਾ ਗਿਆ ਹੈ ਕਿ 5: 17–19 ਪਿਛਲੇ ਪੈਰ੍ਹੇ ਨੂੰ, ਭਾਵ ਪਰਮੇਸ਼ੁਰ ਅਤੇ ਉਸ ਦੀਆਂ ''ਪਵਿੱਤਰ ਗੱਲਾਂ'' ਦੇ ਵਿਰੁੱਧ ਪਾਪਾਂ ਦੀ ਗੱਲ ਅੱਗੇ ਤੋਰਦਾ ਸੀ।

ਇਸ ਪਾਪ ਵਿਚ ਅਤੇ 5: 15, 16 ਵਿਚ ਦੱਸੇ ਗਏ ਪਾਪ ਵਿਚ ਕੀ ਫ਼ਰਕ ਹੈ? ਇਸ ਵਿਚ ਭਾਵੇਂ ਪਾਪੀ ਨੂੰ ਪਤਾ ਨਹੀਂ ਸੀ ਕਿ ਉਸ ਨੇ ਗ਼ਲਤ ਕੀਤਾ ਸੀ ਪਰ ਉਹ ਨੂੰ ਯਕੀਨ ਸੀ ਕਿ ਉਹਨੇ ਯਹੋਵਾਹ ਦੇ ਵਿਰੁੱਧ ਪਾਪ ਕੀਤਾ ਸੀ। ਪਾਪ ਕਰਨ ਵੇਲੇ ਉਹਨੂੰ ਇਸ ਦਾ ''ਪਤਾ ਨਹੀਂ'' ਸੀ, ਕਿਉਂ ਜੋ ਉਹਨੇ ''ਅਣਜਾਣਪੁਣੇ ਵਿਚ'' ਕੀਤਾ ਸੀ। ਹੋ ਸਕਦਾ ਹੈ ਕਿ ਉਹਨੂੰ ਕਦੇ ਪਤਾ ਨਾ ਹੋਵੇ ਕਿ ਉਹਨੇ ਕੋਈ ਖ਼ਾਸ ਪਾਪ ਕੀਤਾ ਹੈ ਜਾਂ ਨਹੀਂ। ਕੋਈ ਗੱਲ ਸ਼ਾਇਦ ਅੰਤਹਕਰਣ ਦੀ ਕਸਕ, ਕਿਸੇ ਤਰ੍ਹਾਂ ਦੀ

ਮਾਨਸਿਕ ਜਾਂ ਆਤਮਿਕ ਬੇਚੈਨੀ, ਜਾਂ ਇਹ ਭਾਵਨਾ ਕਿ ਉਹਦੇ ਨਕਾਰਾਤਮਕ ਹਾਲਾਤ ਪਰਮੇਸ਼ੁਰ ਦੀਆਂ ''ਪਵਿੱਤਰ ਗੱਲਾਂ'' ਦੇ ਵਿਰੁੱਧ ਕਿਸੇ ਪਾਪ ਦੇ ਕਾਰਣ ਹਨ ਉਹਨੂੰ ਇਹ ਅਹਿਸਾਸ ਦੁਆਉਂਦੇ ਸਨ ਕਿ ਉਹ ਦੋਸ਼ੀ ਹੈ। ਇਸ ਨਾਮਾਲੂਮ ਪਾਪ ਜਾਂ ਕਸੂਰਵਾਰ ਹੋਣ ਦੀ ਭਾਵਨਾ ਨੂੰ ਦੂਰ ਕਰਨ ਲਈ ਉਹ ਦੋਸ਼ ਦੀ ਭੇਟ ਚੜ੍ਹਾ ਸਕਦਾ ਸੀ। ਉਸਦੇ ਪਾਪ ਦਾ ਸਾਫ਼-ਸਾਫ਼ ਪਤਾ ਨਹੀਂ ਸੀ ਕਿ ਉਸਨੇ ਕੀ ਪਾਪ ਕੀਤਾ ਹੈ। ਇਸ ਕਰਕੇ ਉਹ ਮੁਆਵਜ਼ਾ ਨਹੀਂ ਦੇ ਸਕਦਾ ਸੀ।[11]

## ਦੋਸ਼ ਦੀ ਭੇਟ ਦਾ ਮਹੱਤਵ

ਦੋਸ਼ ਦੀਆਂ ਭੇਟਾਂ ਇਕ ਪਾਸੇ ਜਿੱਥੇ ਪਾਪ ਦੀਆਂ ਭੇਟਾਂ ਦੇ ਦਿੱਤੇ ਜਾਣ ਵਾਲੇ ਜ਼ੋਰ ਨੂੰ ਰੇਖਾਂਕਿਤ ਕਰਦੀਆਂ ਸਨ ਉੱਥੇ ਹੀ ਉਨ੍ਹਾਂ ਵਿਚ ਇਕ ਸੰਦੇਸ਼ ਵੀ ਸੀ ਕਿ ਪਾਪੀ ਦੇ ਲਈ ਆਪਣੇ ਪਾਪ ਲਈ ਪ੍ਰਾਸਚਿਤ ਵਾਸਤੇ, ਜੇ ਹੋ ਸਕੇ, ਤਾਂ ਉਹਨੂੰ ਜਿਸ ਦਾ ਉਹਨੇ ਪਾਪ ਕੀਤਾ ਹੋਵੇ, ਚਾਹੇ ਪਰਮੇਸ਼ੁਰ ਦਾ ਅਤੇ ਚਾਹੇ ਮਨੁੱਖ ਦਾ, ਮੁਆਵਜ਼ਾ ਦਵੇ।

ਨਤੀਜੇ ਵਜੋਂ ਮੂਸਾ ਦੀ ਸ਼ਰ੍ਹਾ ਦੇ ਤਹਿਤ ਪਾਪਾਂ ਦਾ ਮਿਟਾਇਆ ਜਾਣਾ ਸਿਰਫ਼ ਕੁਰਬਾਨੀ ਦਿੱਤੇ ਜਾਣ ਦੀ ਗੱਲ ਨਹੀਂ ਸੀ। ਇਹਦੇ ਵਿਚ ਪਾਪ ਦਾ ਇਕਰਾਰ (5:5) ਅਤੇ ਪਾਪ ਦਾ ਮੁਆਵਜ਼ਾ ਦੇਣਾ (5:16) ਵੀ ਜ਼ਰੂਰੀ ਸੀ। ਮਾਫ਼ੀ ਲਈ ਨਾ ਸਿਰਫ਼ ਸਹੀ ਰਸਮਾਂ ਨੂੰ ਮੰਨਣਾ ਜ਼ਰੂਰੀ ਸੀ ਬਲਕਿ ਸਹੀ ਆਤਮਿਕ ਵਿਹਾਰ ਅਤੇ ਕੰਮਾਂ ਦੀ ਵੀ ਲੋੜ ਸੀ। ਜੇਕਬ ਮਿਲਗ੍ਰੋਮ ਨੇ ਦੋਸ਼ ਦੀ ਭੇਟ ਦੀ ਇਸ ਗੱਲ ਉੱਤੇ ਟਿੱਪਣੀ ਕੀਤੀ:

> ਪਹਿਲੀ ਨਜ਼ਰੇ [ਦੋਸ਼ ਦੀ ਭੇਟ] ਪਰਮੇਸ਼ੁਰ ਦੀ ਜਾਇਦਾਦ ਦੇ ਵਿਰੁੱਧ ਕੀਤੇ ਜਾਣ ਵਾਲੇ ਅਪਰਾਧਾਂ, ਉਹਦੇ ਪਾਵਨ ਸਥਾਨ ਜਾਂ ਉਹਦੇ ਨਾਮ ਦੇ ਵਿਰੁੱਧ ਕੀਤੇ ਜਾਣ ਵਾਲੇ ਅਪਰਾਧਾਂ ਤਕ ਸੀਮਤ ਲਗਦੀ ਹੈ। ਪਰ ਇਹ ਵਿਆਪਕ ਧਰਮਸ਼ਾਸਤਰੀ ਮੰਤਕਵਾਂ ਵਾਲੀ ਹੈ। ਨਾਉਂ ਸ਼ਬਦ *'āšām* [''ਵੱਟਾ, ਮੁਆਵਜ਼ੇ ਦੀ ਭੇਟ''] ਦਾ ਸਬੰਧ ਕਿਰਿਆ ਸ਼ਬਦ *'āšam* [''ਦੋਸ਼ ਦਾ ਅਹਿਸਾਸ''] ਨਾਲ ਹੈ, ਜੋ ਕਿ ਇਸ ਭੇਟ (5:17, 23, 26 [MT]) ਅਤੇ ਸ਼ੁੱਧ ਕੀਤੇ ਜਾਣ ਦੀ ਭੇਟ [ਪਾਪ ਦੀ ਭੇਟ] ਵਿਚ ਵੀ ਮਿਲਦਾ ਹੈ (4:13, 22, 27; 5:4, 5)। ਇਸ ਤੱਥ ਵਿਚ ਇਖ਼ਲਾਕੀ ਨਤੀਜੇ ਹਨ। ਕੁਰਬਾਨੀ ਦੇ ਰਾਹੀਂ ਪਸਚਾਤਾਪ ਦੋ ਗੱਲਾਂ ਤੇ ਨਿਰਭਰ ਹੈ: ਕੁਰਬਾਨੀ ਲਿਆਉਣ ਵਾਲੇ ਦਾ ਪਛਤਾਵਾ (ਕਿਰਿਆ *āšam*) ਅਤੇ ਉਸ ਵੱਲੋਂ ਆਪਣੀ ਗ਼ਲਤੀ ਨੂੰ ਸੁਧਾਰਣ ਲਈ ਪਰਮੇਸ਼ੁਰ ਅਤੇ ਮਨੁੱਖ ਦੋਹਾਂ ਲਈ ਲਿਆਂਦਾ ਗਿਆ ਮੁਆਵਜ਼ਾ (ਨਾਉਂ *'āšām*)।[12]

''ਪਛਤਾਵੇ'' ਦੀ ਲੋੜ ਦਾ ਅਰਥ ਹੈ ਕਿ ਪੁਰਾਣੇ ਨੇਮ ਦੇ ਤਹਿਤ ਪਾਪਾਂ ਦੀ ਮਾਫ਼ੀ ਸਿਰਫ਼ ਰਸਮ ਨੂੰ ਪੂਰਾ ਕਰਨ ਨਾਲ ਨਹੀਂ ਹੋ ਜਾਂਦੀ ਸੀ; ਭਾਵ ਇਹ ਮਸ਼ੀਨੀ ਜਾਂ ਆਟੋਮੈਟਿਕ ਨਹੀਂ ਸੀ। ਇਸ ਦੇ ਉਲਟ ਇਹ ਪ੍ਰਾਸਚਿਤ ਲਈ ਦਿਲੋਂ ਕੀਤੀ ਗਈ ਮਨੁੱਖ ਦੀ ਬੇਨਤੀ, ਅਫ਼ਸੋਸ, ਇਕਰਾਰ ਅਤੇ ਮੁਆਵਜ਼ੇ ਦੇ ਨਾਲ ਪਾਪ ਦੀ ਭੇਟ ਅਤੇ ਦੋਸ਼ ਦੀ ਭੇਟ ਦੇਣ ਦੇ ਰਾਹੀਂ ਕੀਤੀ ਗਈ ਬੇਨਤੀ ਲਈ ਪਰਮੇਸ਼ੁਰ ਦਾ ਕਿਰਪਾ ਭਰਿਆ ਜਵਾਬ ਸੀ।

## ਪਾਪ ਦੀ ਭੇਟ ਅਤੇ ਦੋਸ਼ ਦੀ ਭੇਟ ਵਿਚਕਾਰ ਫ਼ਰਕ

ਸਰਸਰੀ ਪਾਠਕ ਅਤੇ ਚੌਕਸ ਵਿਦਿਆਰਥੀ ਦੋਹਾਂ ਲਈ ਲੇਵੀਆਂ ਦੀ ਪੋਥੀ ਦੇ ਇਸ ਭਾਗ ਉੱਤੇ ਵਿਚਾਰ ਕਰਨ ਵੇਲੇ ਦਿਮਾਗ ਵਿਚ ਆਉਣ ਵਾਲੇ ਸਭ ਤੋਂ ਪਹਿਲੇ ਸਵਾਲਾਂ ਵਿੱਚੋਂ ਇਕ ਇਹ ਹੈ ਕਿ ''ਪਾਪ ਦੀ ਭੇਟ ਅਤੇ ਦੋਸ਼ ਦੀ ਭੇਟ ਵਿਚ ਕੀ ਫ਼ਰਕ ਹੈ?'' ਇਸ ਤੇ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਵੱਖ-ਵੱਖ ਵਿਦਵਾਨਾਂ ਨੇ ਇਸ ਸਵਾਲ ਦਾ ਜਵਾਬ ਵੱਖੋ-ਵੱਖ ਦਿੱਤਾ ਹੈ। ਆਰ. ਸੀ.

ਹੈਰਿਸਨ ਨੇ ਕਿਹਾ ਹੈ ਕਿ ਦੋਸ਼ ਦੀ ਭੇਟ ਅਤੇ ਪਾਪ ਦੀ ਭੇਟ ਵਿਚਕਾਰ ਸਬੰਧ ''ਸਾਫ਼ ਨਹੀਂ ਹੈ, ਪਰ *[ਪਾਪ ਦੀ ਭੇਟ]* ਵਧੇਰੇ ਕਰਕੇ ਪਰਮੇਸ਼ੁਰ ਦੇ ਵਿਰੁੱਧ ਕੀਤੇ ਜਾਣ ਵਾਲੇ ਪਾਪਾਂ ਨਾਲ ਅਤੇ *[ਦੋਸ਼ ਦੀ ਭੇਟ]* ਆਮ ਸਮਾਜਿਕ ਨਿਯਮਾਂ ਨੂੰ ਤੋੜਨ ਨਾਲ ਸਬੰਧਿਤ ਲਗਦੀ ਹੈ।''[13] ਜੌਨ ਐੱਚ. ਵਾਲਟਰ ਨੇ ਦੋਹਾਂ ਵਿਚਕਾਰ ਫ਼ਰਕ ਇਹ ਕਹਿੰਦੇ ਹੋਏ ਦੱਸਿਆ ਹੈ ਕਿ ''ਪਾਪ ਦੀ ਭੇਟ ਬੁਨਿਆਦੀ ਤੌਰ ਤੇ *[ਇਕ]* ਅਜਿਹੀ ਸਥਿਤੀ ਤੇ ਲਾਗੂ ਹੁੰਦੀ ਹੈ ਜਿੱਥੇ ਸ਼ੁੱਧ ਕੀਤੇ ਜਾਣ ਦੀ ਲੋੜ ਹੈ,'' ਜਦ ਕਿ ਦੋਸ਼ ਦੀ ਭੇਟ ''*[ਇਕ]* ਅਜਿਹੀ ਸਥਿਤੀ ਲਈ ਹੈ ਜਿੱਥੇ ਕਿਸੇ ਪਵਿੱਤਰ ਚੀਜ਼ ਦੀ ਬੇਅਦਬੀ ਹੋਈ ਹੋਵੇ ਜਾਂ ਜਿੱਥੇ ਮੁੱਦਾ ਦੋਸ਼ ਹੋਵੇ।''[14] ਬਿੱਲ ਟੀ. ਆਰਨੋਲਡ ਅਤੇ ਬ੍ਰਾਇਨ ਟੀ. ਬੇਅਰ ਨੇ ਕਿਹਾ ਹੈ ਕਿ ''ਪਾਪ ਦੀ ਭੇਟ ਕੀਤੇ ਅਪਰਾਧਾਂ ਲਈ ਪਸਚਾਤਾਪ'' ਸੀ ਜਦ ਕਿ ਦੋਸ਼ ਦੀ ਭੇਟ ''ਪਸਚਾਤਾਪ, ਪਰ ਬਹਾਲੀ ਅਤੇ ਮੁਆਵਜ਼ੇ ਲਈ ਸਮਰਪਣ'' ਸੀ ਅਤੇ ''ਆਮ ਤੌਰ ਤੇ ਪਵਿੱਤਰ ਵਸਤਾਂ ਨੂੰ ਅਪਵਿੱਤਰ ਕੀਤੇ ਜਾਣ ਅਤੇ ਸਮਾਜਿਕ ਗੱਲਾਂ ਦੇ ਉਲੰਘਣ ਨਾਲ *[ਸਬੰਧਿਤ ਹੁੰਦੀਆਂ]* ਸਨ।''[15]

ਜੇ ਕੋਈ ਆਪਣੇ ਲਈ ਇਨ੍ਹਾਂ ਦੋਹਾਂ ਵਿਚ ਫ਼ਰਕ ਨੂੰ ਤੈਅ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਤਾਂ ਪਹਿਲੀ ਗੱਲ ਜਿਹੜੀ ਉਹਨੂੰ ਸਮਝ ਆਉਂਦੀ ਹੈ ਉਹ ਇਹ ਹੈ ਕਿ ਉਹ ਦੋਵੇਂ ਇੱਕੋ ਜਿਹੀਆਂ ਹਨ। ਅਸਲ ਵਿਚ ਦੋਵੇਂ ਸ਼ਬਦ ਕਈ ਵਾਰ ਇਕ ਦੂਜੇ ਦੀ ਥਾਂ ਵਰਤੇ ਜਾਂਦੇ ਲਗਦੇ ਹਨ। ਉਦਾਹਰਣ ਲਈ ਲੇਵੀਆਂ 5:6 ਆਖਦਾ ਹੈ, ''ਉਹ ਆਪਣੇ ਪਾਪ ਦੇ ਲਈ ਜੋ ਉਹਨੇ ਕੀਤਾ ਹੈ ਇੱਜੜ ਵਿੱਚੋਂ ਇੱਕ ਲੇਲੀ, ਯਾ ਬੱਕਰਿਆਂ ਦੀ ਪੱਠ, ਦੋਸ਼ ਦੀ ਭੇਟ ਕਰਕੇ ਯਹੋਵਾਹ ਦੇ ਅੱਗੇ ਲਿਆਵੇ ਅਤੇ ਜਾਜਕ ਉਹਦੇ ਪਾਪ ਦੇ ਲਈ ਪ੍ਰਾਸਚਿਤ ਕਰੇ'';[16] ਅਤੇ 7:7 ਆਖਦਾ ਹੈ, ''ਜਿਹੀ ਪਾਪ ਦੀ ਭੇਟ ਹੈ ਤਿਹੀ ਦੋਸ਼ ਦੀ ਭੇਟ ਹੈ, ਉਨਾਂ ਦੀ ਇੱਕੋ ਬਿਵਸਥਾ ਹੈ।'' ਇਸ ਤੋਂ ਇਲਾਵਾ ਇਨ੍ਹਾਂ ਦੋਹਾਂ ਤਰ੍ਹਾਂ ਦੀਆਂ ਭੇਟਾਂ ਦੇ ਸਬੰਧ ਵਿਚ ਵਧੇਰੇ ਨਿਯਮ ਇੱਕੋ ਜਿਹੇ ਹਨ। ਦੋਹਾਂ ਵਿਚ ਇਕ ਫ਼ਰਕ ਕਿ ''ਦੋਸ਼ ਦੀ ਭੇਟ'' ''ਯਹੋਵਾਹ ਦੀਆਂ ਪਵਿੱਤਰ ਗੱਲਾਂ ਦੇ ਵਿਰੁੱਧ'' ਪਾਪ ਲਈ ਦਿੱਤੀ ਜਾਂਦੀ ਸੀ (5:15), ਸੁਝਾਅ ਦਿੰਦਾ ਹੈ ਕਿ ਦੋਸ਼ ਦੀ ਭੇਟ ਡੇਰੇ ਦੇ ਵਿਰੁੱਧ ਕੀਤੇ ਜਾਣ ਵਾਲੇ ਪਾਪ ਜਾਂ ਉੱਥੇ ਸੇਵਾ ਕਰਨ ਵਾਲੇ ਯਾਜਕਾਂ ਦੇ ਵਿਰੁੱਧ ਕੀਤੇ ਜਾਣ ਵਾਲੇ ਪਾਪ ਦੇ ਪ੍ਰਾਸਚਿਤ ਲਈ ਜ਼ਰੂਰੀ ਸੀ। (ਸਿਰਫ਼ ਇਹੀ ਪਾਪ ਨਹੀਂ ਸੀ ਜਿਹਦੇ ਲਈ ਦੋਸ਼ ਦੀ ਭੇਟ ਦੱਸੀ ਗਈ ਸੀ।) ਪਰ ਬਹੁਤਾ ਸਾਫ਼ ਨਜ਼ਰ ਆਉਣ ਵਾਲਾ ਫ਼ਰਕ ਇਹੀ ਲਗਦਾ ਹੈ ਕਿ ਦੋਸ਼ ਦੀਆਂ ਭੇਟਾਂ ਦੇ ਇਸ ਛੋਟੇ ਭਾਗ ਵਿਚ ਦੱਸੇ ਗਏ ਪਾਪ ਹੀ ਉਹ ਪਾਪ ਹਨ ਜਿਨ੍ਹਾਂ ਦਾ ਮੁਆਵਜ਼ਾ ਦਿੱਤਾ ਜਾਣਾ ਜ਼ਰੂਰੀ ਸੀ (ਵੇਖੋ 5:15, 16; 6:4, 5)। ਅਸਲ ਵਿਚ ਦੋਸ਼ ਦੀ ਭੇਟ ਨੂੰ ਆਮ ਤੌਰ ਤੇ ''ਮੁਆਵਜ਼ੇ ਦੀ ਭੇਟ'' ਕਿਹਾ ਜਾਂਦਾ ਹੈ।

ਸ਼ਾਇਦ ਦੋਹਾਂ ਵਿਚਕਾਰ ਫ਼ਰਕ ਦੇ ਸਵਾਲ ਦਾ ਸਭ ਤੋਂ ਵਧੀਆ ਜਵਾਬ ਇਹ ਕਹਿਣਾ ਹੈ ਕਿ ਦੋਸ਼ ਦੀ ਭੇਟ ਜੋ ਕਿ ਪਾਪ ਦੀ ਭੇਟ ਦਾ ''ਉਪ ਭਾਗ''[17] ਹੈ, ਉਨ੍ਹਾਂ ਪਾਪਾਂ ਲਈ ਸੀ ਜਿਨ੍ਹਾਂ ਲਈ ਮੁਆਵਜ਼ਾ ਦਿੱਤਾ ਜਾਣਾ ਜ਼ਰੂਰੀ ਸੀ। ਜੇ ਇਹ ਗੱਲ ਹੈ ਤਾਂ ਸਾਰੀਆਂ ''ਦੋਸ਼ ਦੀਆਂ ਭੇਟਾਂ'' ਵੀ ''ਪਾਪ ਦੀਆਂ ਭੇਟਾਂ'' ਮੰਨੀਆਂ ਜਾ ਸਕਦੀਆਂ ਸਨ, ਭਾਵੇਂ ਇਸ ਦਾ ਉਲਟ ਸਹੀ ਨਹੀਂ ਹੋਵੇਗਾ।

## ਪ੍ਰਾਸੰਗਿਕਤਾ

**ਕਿਸੇ ਦੀ ਯੋਗਤਾ ਅਨੁਸਾਰ** (5:1-13)

2 ਕੁਰਿੰਥੀਆਂ 8:12 ਵਿਚ ਪੌਲੁਸ ਨੇ ''ਉਸਦੇ ਅਨੁਸਾਰ ਜੋ ਕਿਸੇ ਕੋਲ ਹੈ ਨਾ ਉਹਦੇ ਅਨੁਸਾਰ ਜੋ ਉਹਦੇ ਕੋਲ ਨਹੀਂ ਹੈ'' ਦੇਣ ਲਈ ਆਖਿਆ। ਮੂਸਾ ਦੀ ਸ਼ਰ੍ਹਾ ਦੇ ਤਹਿਤ ਪਰਮੇਸ਼ੁਰ ਨੇ ਵੱਖੋ-ਵੱਖ ਕੁਰਬਾਨੀਆਂ ਦੇ ਹੁਕਮਾਂ ਸਬੰਧੀ ਕੁਝ ਅਜਿਹਾ ਹੀ ਆਖਿਆ ਸੀ। ਉਹਨੇ ਲੋਕਾਂ ਨੂੰ ਉਨ੍ਹਾਂ ਦੇ ਮਾਲੀ ਹਾਲਾਤ ਦੇ ਅਧਾਰ ਤੇ ਪਾਪ ਦੀਆਂ ਭੇਟਾਂ ਲਈ ਵੱਖੋ-ਵੱਖ ਕੁਰਬਾਨੀਆਂ ਲਿਆਉਣ ਦੀ ਇਜਾਜ਼ਤ ਦਿੱਤੀ ਸੀ।

ਜਿਨ੍ਹਾਂ ਨੂੰ ਪੁੱਗ ਸਕਦਾ ਹੁੰਦਾ ਉਨ੍ਹਾਂ ਲਈ ਆਪਣੇ ਪਾਪ ਦੀਆਂ ਭੇਟਾਂ ਲਈ ਲੇਲੀ ਜਾਂ ਬੱਕਰੀ ਲਿਆਉਣੀ ਜ਼ਰੂਰੀ ਸੀ। ਜੇ ਕਿਸੇ ਤੋਂ ਲੇਲੀ ਜਾਂ ਬੱਕਰੀ ਨਾ ਸਰਦੀ ਹੋਵੇ ਤਾਂ ਉਹ ਦੋ ਪੰਛੀ ਲਿਆ ਸਕਦਾ ਸੀ। ਜੇ ਕੋਈ ਐਨਾ ਕੁ ਗ਼ਰੀਬ ਹੋਵੇ ਕਿ ਉਸ ਤੋਂ ਦੋ ਪੰਛੀ ਵੀ ਨਾ ਸਰਦੇ ਹੋਣ ਤਾਂ ਉਹ ਮੈਦੇ ਦੀ ਭੇਟ ਚੜ੍ਹਾ ਸਕਦਾ ਸੀ। ਇਨ੍ਹਾਂ ਤਿੰਨਾਂ ਵਿੱਚੋਂ ਕਿਸੇ ਵੀ ਮਾਮਲੇ ਵਿਚ ਪਰਮੇਸ਼ੁਰ ਨੇ ਕੁਰਬਾਨੀ ਤੋਂ ਸੰਤੁਸ਼ਟ ਹੋਣਾ ਸੀ ਜੇ ਸਭ ਕੁਝ ਉਹਦੇ ਨਿਰਦੇਸ਼ਾਂ ਦੇ ਅਨੁਸਾਰ ਕੀਤਾ ਜਾਂਦਾ। ਸਪੱਸ਼ਟ ਹੈ ਕਿ ਪਰਮੇਸ਼ੁਰ ਨੇ ਉਦੋਂ ਪ੍ਰਸੰਨ ਹੋਣਾ ਸੀ ਜਦੋਂ ਹਰ ਵਿਅਕਤੀ ਉਵੇਂ ਕਰਦਾ ਜਿਵੇਂ ਉਹ ਕਰ ਸਕਦਾ ਸੀ। ਅਸੀਂ ਇਹ ਮੰਨ ਸਕਦੇ ਹਾਂ ਕਿ ਜੇ ਲੇਲਾ ਲਿਆ ਸਕਣ ਵਾਲਾ ਉਸ ਦੀ ਥਾਂ ਮੈਦਾ ਚੜ੍ਹਾਉਣਾ ਚਾਹੁੰਦਾ ਤਾਂ ਇਹ ਪਰਮੇਸ਼ੁਰ ਨੂੰ ਨਾਮੰਜ਼ੂਰ ਹੋਣਾ ਸੀ।

ਇਸ ਤੱਥ ਤੋਂ ਕਿ ਪਰਮੇਸ਼ੁਰ ਵੱਖੋ-ਵੱਖ ਲੋਕਾਂ ਤੋਂ ਵੱਖੋ-ਵੱਖ ਪਾਪ ਦੀਆਂ ਭੇਟਾਂ ਨਾਲ ਸੰਤੁਸ਼ਟ ਹੁੰਦਾ ਸੀ, ਤਿੰਨ ਸਚਿਆਈਆਂ ਦਾ ਪਤਾ ਲਗਦਾ ਹੈ।

1. *ਸ਼ਰ੍ਹਾ ਦੀ ਭਲਿਆਈ।* ਜਿਹੜੀ ਸ਼ਰ੍ਹਾ ਆਪਣੇ ਅਧੀਨ ਲੋਕਾਂ ਦੀਆਂ ਵੱਖ-ਵੱਖ ਯੋਗਤਾਵਾਂ ਨੂੰ ਧਿਆਨ ਵਿਚ ਰੱਖਦੀ ਹੈ ਇਕ ਚੰਗੀ ਸ਼ਰ੍ਹਾ ਹੈ।

2. *ਪਾਪ ਦੀ ਗੰਭੀਰਤਾ।* ਗ਼ਰੀਬ ਤੋਂ ਗ਼ਰੀਬ ਲਈ ਭਾਵੇਂ ਜਾਨਵਰ ਜਾਂ ਪੰਛੀ ਦੇਣੇ ਜ਼ਰੂਰੀ ਨਹੀਂ ਸਨ ਪਰ ਉਹਦੇ ਲਈ ਆਪਣੇ ਪਾਪ ਲਈ ਕੁਝ ਨਾ ਕੁਝ ਭਾਵ ਮੈਦਾ ਦੇਣਾ ਜ਼ਰੂਰੀ ਸੀ। ਪਾਪੀਆਂ ਵਾਸਤੇ ਪ੍ਰਾਸਚਿਤ ਨੂੰ ਪਾਉਣ ਲਈ ਕੁਝ ਨਾ ਕੁਝ ਕਰਨਾ ਜ਼ਰੂਰੀ ਸੀ; ਗ਼ਰੀਬੀ ਉਨ੍ਹਾਂ ਨੂੰ ਕੁਝ ਵੀ ਨਾ ਦੇ ਕੇ ਬਚ ਨਿਕਲਣ ਦੀ ਇਜਾਜ਼ਤ ਨਹੀਂ ਦਿੰਦੀ ਸੀ। ਪਾਪ ਗੰਭੀਰ ਹੈ! ਹਰ ਪਾਪੀ ਲਈ ਮਾਫ਼ੀ ਪਾਉਣ ਲਈ ਕੁਝ ਨਾ ਕੁਝ ਕਰਨਾ ਜ਼ਰੂਰੀ ਹੈ।

3. *ਪਰਮੇਸ਼ੁਰ ਦੀਆਂ ਵੱਖੋ-ਵੱਖ ਉਮੀਦਾਂ।* ਪਰਮੇਸ਼ੁਰ ਦੀਆਂ ਮਨੁੱਖੀ ਜੀਵਾਂ ਤੋਂ ਉਨ੍ਹਾਂ ਦੀਆਂ ਯੋਗਤਾਵਾਂ ਦੇ ਅਧਾਰ ਤੇ ਵੱਖੋ-ਵੱਖ ਉਮੀਦਾਂ ਹਨ। ਜਿਨ੍ਹਾਂ ਨੂੰ ਬਹੁਤਾ ਦਿੱਤਾ ਗਿਆ, ਉਨ੍ਹਾਂ ਤੋਂ ਬਹੁਤੇ ਦੀ ਉਮੀਦ ਕੀਤੀ ਜਾਂਦੀ ਹੈ (ਵੇਖੋ ਲੂਕਾ12:48)। ਜਿਸ ਕੋਲ ਥੋੜ੍ਹਾ ਹੈ ਤਾਂ ਵੀ ਪ੍ਰਭੂ ਉਹਨੂੰ ਜੋ ਕੁਝ ਉਹ ਦੇ ਸਕਦਾ ਹੈ ਅਤੇ ਜਾਂ ਕਰ ਸਕਦਾ ਹੈ, ਉਹ ਕਰਨ ਦੀ ਉਮੀਦ ਰੱਖਦਾ ਹੈ।

**ਤੋਬਾ ਵਿਚ ਹਰਜਾਨਾ ਭਰਨਾ ਸ਼ਾਮਿਲ ਹੈ** (5:14–6:7)

5:14–6:7 ਵਾਲੀ ਦੋਸ਼ ਦੀ ਭੇਟ ਲਈ ਕੁਰਬਾਨੀ ਲਿਆਉਣ ਵਾਲੇ ਲਈ ਹਰਜਾਨਾ ਭਰਨਾ ਜ਼ਰੂਰੀ ਸੀ। ਇਸੇ ਤਰ੍ਹਾਂ ਨਾਲ ਤੋਬਾ ਕਰਨ ਵਾਲੇ ਲਈ ਜਿੱਥੇ ਤਕ ਹੋ ਸਕੇ, ਜਿਹੜੇ ਪਾਪ ਉਹਨੇ ਕੀਤੇ ਹੋਣ ਉਨ੍ਹਾਂ ਦਾ ਹਰਜਾਨਾ ਭਰਨਾ ਜ਼ਰੂਰੀ ਹੈ। ਮੂਸਾ ਦੀ ਸ਼ਰ੍ਹਾ ਵਿਚ ਜਿਸ ਦਾ ਪਾਪ ਕੀਤਾ ਗਿਆ ਹੋਵੇ ਉਸ ਦਾ ਹਰਜਾਨਾ ਭਰਨਾ ਜ਼ਰੂਰੀ ਸੀ ਅਤੇ ਯੂਹੰਨਾ ਬਪਤਿਸਮਾ ਦੇਣ ਵਾਲੇ ਦਾ ਪ੍ਰਚਾਰ ਸੀ, ''ਤੁਸੀਂ ਤੋਬਾ ਜੋਗਾ ਫਲ ਦਿਓ'' (ਮੱਤੀ 3:8)। ਪਰਮੇਸ਼ੁਰ ਤੋਂ ਮੁਆਫ਼ੀ ਦੇ ਚਾਹਵਾਨ ਮਸੀਹੀ ਲੋਕਾਂ ਨੂੰ ਇਸ ਤੋਂ ਘੱਟ ਕਰਨ ਦੀ ਉਮੀਦ ਨਹੀਂ ਕਰਨੀ ਚਾਹੀਦੀ। ਆਰ. ਲੇਅਰਡ ਹੈਰਿਸ ਨੇ ਇਹੀ ਵਿਚਾਰ ਜਤਾਇਆ ਹੈ:

> ਕਿਸੇ ਵੀ ਤਰ੍ਹਾਂ ਦੇ ਪਾਪ ਵਿਚ ਜਿਸ ਵਿਚ ਨੁਕਸਾਨ ਹੋਇਆ ਹੋਵੇ, ਉਹਦੀ ਭਰਪਾਈ ਕਰਨੀ ਜ਼ਰੂਰੀ ਹੈ। ਮੁਆਫ਼ੀ ਸਾਨੂੰ ਕੀਤੇ ਗਏ ਨੁਕਸਾਨ ਨੂੰ ਭੁਲਾ ਦੇਣ ਦੀ ਇਜਾਜ਼ਤ ਨਹੀਂ ਦਿੰਦੀ ਬਲਕਿ ਇਸ ਦਾ ਇਕਰਾਰ ਕਰਦੇ ਹੋਏ ਜਿੱਥੋਂ ਤਕ ਹੋ ਸਕੇ, ਗ਼ਲਤੀ ਨੂੰ ਸੁਧਾਰਦੇ ਹੋਏ ਤੋਬਾ ਦੀ ਮੰਗ ਕਰਦੀ ਹੈ। ਮਾਫ਼ੀ ਮੁਫ਼ਤ ਹੈ, ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਇਹ ਜ਼ਿੰਮੇਵਾਰੀ ਤੋਂ ਮੁਕਤ ਹੈ।[18]

ਜੇ ਕਿਸੇ ਮਸੀਹੀ ਨੇ ਕੋਈ ਚੀਜ਼ ਚੁਰਾਈ ਹੋਵੇ ਅਤੇ ਉਸ ਦਾ ਅੰਤਹਕਰਣ ਉਹਨੂੰ ਦੋਸ਼ੀ ਠਹਿਰਾਉਂਦਾ

ਹੋਵੇ ਤਾਂ ਉਸ ਚੋਰੀ ਤੋਂ ਤੋਬਾ ਕਰਨ (ਰਸੂਲਾਂ ਦੇ ਕਰਤੱਬ 8:22), ਉਹਨੂੰ ਮੰਨ ਲੈਣ (ਇਕਰਾਰ ਕਰਨ) (1 ਯੂਹੰਨਾ 1:9), ਅਤੇ ਪਰਮੇਸ਼ੁਰ ਤੋਂ ਮਾਫ਼ੀ ਮੰਗਣ (ਰਸੂਲਾਂ ਦੇ ਕਰਤੱਬ 8:22) ਤੇ ਉਹਨੂੰ ਮੁਆਫ਼ ਕੀਤਾ ਜਾ ਸਕਦਾ ਹੈ। ਉਹ ਚੁਰਾਈ ਹੋਈ ਚੀਜ਼ ਨੂੰ ਆਪਣੇ ਕੋਲ ਨਹੀਂ ਰੱਖ ਸਕਦਾ! ਉਹਦੇ ਲਈ ਇਸ ਨੂੰ ਵਾਪਸ ਕਰਨਾ ਅਤੇ ਜੋ ਨੁਕਸਾਨ ਹੋਇਆ ਹੋਵੇ ਉਹ ਭਰਨਾ ਜ਼ਰੂਰੀ ਹੈ।

ਕਈ ਵਾਰੀ ਪਾਪ ਦੀ ਭਰਪਾਈ ਕਰਨਾ ਮੁਸ਼ਕਿਲ ਹੁੰਦਾ ਹੈ। ਚੋਰੀ ਦੀ ਉਦਾਹਰਣ ਨੂੰ ਅੱਗੇ ਜਾਰੀ ਰੱਖਦਿਆਂ, ਜੇ ਚੁਰਾਈ ਹੋਈ ਚੀਜ਼ ਉਸ ਕੋਲ ਨਾ ਹੋਵੇ ਜਾਂ ਉਹ ਹੁਣ ਬੇਕਾਰ ਹੋ ਗਈ ਹੋਵੇ ਤਾਂ? ਜੇ ਉਹ ਵਿਅਕਤੀ ਜਿਸ ਦੀ ਚੀਜ਼ ਚੋਰੀ ਹੋਈ ਸੀ, ਮਰ ਗਿਆ ਹੋਵੇ? ਪੁਰਾਣੇ ਨੇਮ ਦੇ ਨਿਯਮਾਂ ਤੋਂ ਕੁਝ ਮਾਰਗਦਰਸ਼ਣ ਮਿਲਦਾ ਹੈ। ਜੇ ਚੋਰੀ ਕੀਤੀ ਚੀਜ਼ ਖਰਾਬ ਹੋ ਗਈ ਹੋਵੇ, ਤਾਂ ਚੋਰ ਉਸ ਦੀ ਕੀਮਤ (ਜੁਰਮਾਨੇ ਦੇ ਨਾਲ) ਅਦਾ ਕਰ ਸਕਦਾ ਹੈ। ਜੇ ਉਹ ਵਿਅਕਤੀ ਜਿਸ ਦੀ ਚੀਜ਼ ਚੋਰੀ ਹੋਈ ਹੋਵੇ ਜ਼ਿੰਦਾ ਨਾ ਰਿਹਾ ਹੋਵੇ ਤਾਂ ਉਸ ਦੀ ਕੀਮਤ ਉਹਦੇ ਵਾਰਸਾਂ ਨੂੰ ਦਿੱਤੀ ਜਾ ਸਕਦੀ ਹੈ। ਮਸੀਹੀ ਵਿਅਕਤੀ ਲਈ ਸੱਚੀ ਤੋਬਾ ਲਈ ਉਨ੍ਹਾਂ ਪਾਪਾਂ ਦੇ ਸੁਧਾਰ ਲਈ ਜਿਨ੍ਹਾਂ ਤੋਂ ਉਹ ਪਛਤਾਉਂਦਾ ਹੋਵੇ, ਜੋ ਕੁਝ ਉਹ ਕਰ ਸਕਦਾ ਹੋਵੇ, ਉਹ ਕਰਨਾ ਜ਼ਰੂਰੀ ਹੈ।

**ਯਿਸੂ ਮਸੀਹ, ਸਾਡੀ ਦੋਸ਼ ਦੀ ਭੇਟ** (5:14—6:7)

ਯਸਾਯਾਹ 53:10 ਵਿਚ ਨਬੀ ਨੇ ਆਉਣ ਵਾਲੇ ਮਸੀਹਾ ਦਾ ਇਨ੍ਹਾਂ ਸ਼ਬਦਾਂ ਨਾਲ ਵਰਣਨ ਕੀਤਾ:

> ਪਰ ਯਹੋਵਾਹ ਨੂੰ ਭਾਇਆ ਕਿ ਉਸ ਨੂੰ ਕੁਚਲੇ ਅਤੇ ਸੋਗ ਵਿੱਚ ਪਾਵੇ। ਜਦ ਤੂੰ ਉਸ ਦੀ ਜਾਨ ਨੂੰ ਦੋਸ਼ ਦੀ ਬਲੀ ਠਹਿਰਾਵੇਂ, ਤਾਂ ਉਹ ਆਪਣੀ ਅੰਸ ਨੂੰ ਵੇਖੇਗਾ, ਉਹ ਆਪਣੇ ਦਿਨ ਲੰਮੇ ਕਰੇਗਾ, ਅਤੇ ਯਹੋਵਾਹ ਦੀ ਭਾਉਣੀ ਉਸ ਦੇ ਹੱਥ ਵਿੱਚ ਸਫ਼ਲ ਹੋਵੇਗੀ।

ਯਿਸੂ ਮਸੀਹ ਨੇ ਇਸ ਵਚਨ ਨੂੰ ਪੂਰਿਆਂ ਕੀਤਾ (ਵੇਖੋ ਰਸੂਲਾਂ ਦੇ ਕਰਤੱਬ 8:26−40)। ਸਾਡੀ ਦੋਸ਼ ਦੀ ਭੇਟ ਦੇ ਰੂਪ ਵਿਚ ਉਹ ਸਾਡੇ ਸਾਰੇ ਪਾਪਾਂ ਲਈ, ਭਾਵੇਂ ਉਹ ਪਰਮੇਸ਼ੁਰ ਦੇ ਵਿਰੁੱਧ ਹੋਣ ਜਾਂ ਮਨੁੱਖ ਦੇ ਵਿਰੁੱਧ, ਪ੍ਰਾਸਚਿਤ ਕਰਦਾ ਹੈ ਕਿ ਜੋ ਕੁਝ ਗ਼ਲਤ ਹੋਇਆ ਉਹਨੂੰ ਸੁਧਾਰਿਆ ਜਾਵੇ।

ਬੇਸ਼ੱਕ ਮਸੀਹ ਦੇ ਸਾਡੀ ਦੋਸ਼ ਦੀ ਭੇਟ ਦੇ ਰੂਪ ਵਿਚ ਕੰਮ ਕਰਨ ਲਈ ਸਾਡੇ ਲਈ ਕੁਝ ਕਰਨਾ ਜ਼ਰੂਰੀ ਹੈ। ਬਿਲਕੁਲ ਉਵੇਂ ਜਿਵੇਂ ਪੁਰਾਣੇ ਨੇਮ ਦੇ ਤਹਿਤ ਇਸਰਾਏਲੀ ਕਰਦੇ ਸਨ। ਉਦਾਹਰਣ ਲਈ ਸ਼ਰ੍ਹਾ ਤੇ ਤਹਿਤ ਲੋਕਾਂ ਵਾਂਗ ਸਾਨੂੰ ਆਪਣੇ ਪਾਪਾਂ ਤੋਂ ਤੋਬਾ ਕਰਨੀ (ਰਸੂਲਾਂ ਦੇ ਕਰਤੱਬ 17:30) ਅਤੇ ਉਨ੍ਹਾਂ ਪਾਪਾਂ ਦੀ ਭਰਪਾਈ ਕਰਨੀ ਜ਼ਰੂਰੀ ਹੈ। ਅੱਜ ਸਾਡੇ ਲਈ ਵਿਸ਼ਵਾਸ ਅਤੇ ਹੁਕਮ ਮੰਨਣ ਦੇ ਰਾਹੀਂ ਯਿਸੂ ਵੱਲ ਮੁੜਨਾ ਵੀ ਜ਼ਰੂਰੀ ਹੈ (ਮਰਕੁਸ 16:16; ਰਸੂਲਾਂ ਦੇ ਕਰਤੱਬ 2:38)। ਸਾਡੇ ਅਜਿਹਾ ਕਰਨ ਤੇ, ਸਾਨੂੰ ਮਾਫ਼ ਕਰ ਦਿੱਤਾ ਜਾਵੇਗਾ − ਲੇਲੇ ਦੇ ਲਹੂ ਦੇ ਕਾਰਣ ਨਹੀਂ ਬਲਕਿ ਸਾਡੀ ਸਿੱਧ ਦੋਸ਼ਬਲੀ, ਯਿਸੂ ਮਸੀਹ ਦੇ ਲਹੂ (ਕੁਰਬਾਨੀ) ਦੀ ਸ਼ਕਤੀ ਨਾਲ। ਪੁਰਾਣੇ ਨੇਮ ਦੇ ਤਹਿਤ ''ਜੇ ਬੱਕਰਿਆਂ ਅਤੇ ਵਹਿੜਕਿਆਂ ਦਾ ਲਹੂ'' ਸ਼ੁੱਧ ਕਰ ਸਕਦਾ ਸੀ, ''ਤਾਂ ਕਿੰਨਾ ਹੀ ਵਧੀਕ ਮਸੀਹ ਦਾ ਲਹੂ ... ਤੁਹਾਡੇ ਅੰਤਹਕਰਨ ਨੂੰ ਮੁਰਦਿਆਂ ਕੰਮਾਂ ਤੋਂ ਸ਼ੁੱਧ ਕਰੇਗਾ ਭਈ ਤੁਸੀਂ ਜੀਉਂਦੇ ਪਰਮੇਸ਼ੁਰ ਦੀ ਉਪਾਸਨਾ ਕਰੋ'' (ਇਬਰਾਨੀਆਂ 9:13, 14)।

**ਦੋਸ਼ ਦੀ ਭੇਟ: ''ਹੇ ਯਹੋਵਾਹ, ਮੈਂ ਪਾਪ ਕੀਤਾ ਹੈ''** (5:14—6:7)

ਹੁਣ ਅਸੀਂ ਪੰਜਾਂ ਭੇਟਾਂ ਵਿੱਚੋਂ ਆਖ਼ਰੀ ਭੇਟ ਦੇ ਸਬੰਧ ਵਿਚ ਸੀਨੈ ਪਹਾੜ ਉੱਤੇ ਮੂਸਾ ਨੂੰ ਦਿੱਤੇ ਗਏ ਯਹੋਵਾਹ ਦੇ ਨਿਰਦੇਸ਼ਾਂ ਤੇ ਆਉਂਦੇ ਹਾਂ। ਅਸੀਂ ਇਨ੍ਹਾਂ ਕੁਰਬਾਨੀਆਂ ਵਿਚ ਬਹੁਤ ਸਾਰੀਆਂ ਸਮਾਨਤਾਵਾਂ ਵੇਖੀਆਂ ਹਨ ਪਰ ਫਿਰ ਵੀ ਕਈ ਵੱਖ−ਵੱਖ ਭਿੰਨਤਾਵਾਂ ਹਨ। ਇਹੀ ਗੱਲ ਦੋਸ਼ ਦੀ ਭੇਟ ਵਿਚ ਹੈ ਜੋ

ਕਿ ਪੰਜਵੀਂ ਕੁਰਬਾਨੀ ਹੈ ਜਿਸ ਦਾ ਹੁਕਮ ਦਿੱਤਾ ਗਿਆ ਹੈ। ਭਾਵੇਂ ਇਹ ਪਾਪ ਦੀ ਭੇਟ ਦੇ ਤਹਿਤ ਹੀ ਆਉਂਦੀ ਹੈ ਪਰ ਫਿਰ ਵੀ ਇਸ ਵਿਚ ਕੁਝ ਖ਼ਾਸ ਫ਼ਰਕ ਵੇਖੇ ਜਾ ਸਕਦੇ ਹਨ।

*ਵਿਲੱਖਣ ਵਿਸ਼ੇਸ਼ਤਾਵਾਂ।* ਪਹਿਲਾ ਫ਼ਰਕ ''ਅਪਰਾਧ'' ਦੀ ਧਾਰਣਾ ਦਾ ਹੈ। ਦੋਸ਼ ਦੀ ਭੇਟ ਨੂੰ KJV ਵਿਚ ''ਖ਼ਿਲਾਫ਼ਵਰਜ਼ੀ ਦੀ ਭੇਟ'' ਆਖਿਆ ਗਿਆ ਹੈ। ''ਖ਼ਿਲਾਫ਼ਵਰਜ਼ੀ'' ਤੋਂ ਭਾਵ ਕਿਸੇ ਠਹਿਰਾਈ ਹੋਈ ਥਾਂ ਜਾਂ ਹੱਦ ਤੋਂ ਅੱਗੇ ਜਾਣਾ ਹੈ। ਇੱਥੇ ਮੂਸਾ ਦੀ ਸ਼ਰ੍ਹਾ ਨੇ ਕੁਝ ਹੱਦਾਂ ਠਹਿਰਾਈਆਂ ਸਨ ਜਿਨ੍ਹਾਂ ਦੇ ਅੰਦਰ–ਅੰਦਰ ਇਸਰਾਏਲੀਆਂ ਲਈ ਰਹਿਣਾ ਜ਼ਰੂਰੀ ਸੀ। ਸ਼ਰ੍ਹਾ ਦੇ ਤਹਿਤ ਇਸ ਭੇਟ ਦੇ ਨਿਯਮਾਂ ਸਬੰਧੀ ਖ਼ਿਲਾਫ਼ਵਰਜ਼ੀ ਦੀਆਂ ਦੋ ਗੱਲਾਂ ਹਨ। ਇਕ ''ਯਹੋਵਾਹ ਦੀਆਂ ਪਵਿੱਤਰ ਗੱਲਾਂ'' ਦੇ ਵਿਰੁੱਧ ਅਪਰਾਧ ਸੀ। ਇਨ੍ਹਾਂ ਖ਼ਿਲਾਫ਼ਵਰਜ਼ੀਆਂ ਵਿਚ ਦਸਵੰਧ ਦੇ ਪੈਸੇ ਦੀ ਦੁਰਵਰਤੋਂ ਕਰਨਾ, ਚੜ੍ਹਾਵੇ ਦੇ ਮਾਸ ਵਿੱਚੋਂ ਖਾਣਾ ਜਿਸ ਨੂੰ ਖਾਣ ਦੀ ਮਨਾਹੀ ਹੈ, ਜਾਂ ਕਿਸੇ ਹੋਰ ਤਰੀਕੇ ਨਾਲ ਉਨ੍ਹਾਂ ਚੀਜ਼ਾਂ ਦੀ ਦੁਰਵਰਤੋਂ ਕਰਨੀ ਜਿਨ੍ਹਾਂ ਨੂੰ ਯਹੋਵਾਹ ਦੀ ਸੰਪਤੀ ਮੰਨਿਆ ਜਾਂਦਾ ਸੀ। ਦੂਜੀ ਖ਼ਿਲਾਫ਼ਵਰਜ਼ੀ ਗੁਆਂਢੀ ਨਾਲ ਗੁਆਂਢੀ ਦੇ ਰਿਸ਼ਤਿਆਂ ਤੇ ਸੀ, ਜਿਵੇਂ ਕਿਸੇ ਦੀ ਜਾਇਦਾਦ ਤੇ ਕਬਜ਼ਾ ਕਰ ਲੈਣਾ ਜਾਂ ਕਿਸੇ ਚੀਜ਼ ਨੂੰ ਜਿਹੜੀ ਗੁਆਂਢੀ ਦੀ ਹੋਵੇ ਦੁਰਵਰਤੋਂ ਕਰਨਾ ਜਾਂ ਉਹਨੂੰ ਖ਼ਰਾਬ ਕਰ ਦੇਣਾ। ਦੋਹਾਂ ਹੀ ਹਾਲਤਾਂ ਵਿਚ ਕੁਰਬਾਨੀ ਜ਼ਰੂਰੀ ਸੀ। ''ਦੋਸ਼ ਦੀ ਭੇਟ'' ਦਾ NASB ਵੱਲੋਂ ਵਰਤਿਆ ਗਿਆ ਸ਼ਬਦ ਕਿਸੇ ਅਰਥ ਵਿਚ ਬੇਹਤਰ ਸ਼ਬਦ ਹੈ, ਭਾਵੇਂ ਸ਼ਰ੍ਹਾ ਦੀਆਂ ਹੱਦਾਂ ਤੋਂ ਅੱਗੇ ਨਿੱਕਲ ਜਾਣਾ ਖ਼ਿਲਾਫ਼ਵਰਜ਼ੀ ਸੀ।

ਜੇ ਪਾਪ ਅਗਿਆਨਤਾ ਵਿਚ ਕੀਤਾ ਗਿਆ ਹੋਵੇ ਤਾਂ ਇਸ ਨਾਲ ਖ਼ਿਲਾਫ਼ਵਰਜ਼ੀ ਕਰਨ ਵਾਲਾ ਛੁੱਟ ਨਹੀਂ ਜਾਂਦਾ ਸੀ, ਕਿਉਂਕਿ ਨਿਯਮ ਦੇ ਦਿੱਤਾ ਗਿਆ ਸੀ:

> ... ਭਾਵੇਂ ਉਸ ਨੂੰ ਖਬਰ ਭੀ ਨਾ ਹੋਵੇ ਤਾਂ ਭੀ ਉਹ ਦੋਸ਼ੀ ਹੈ ਅਤੇ ਆਪਣਾ ਪਾਪ ਚੁੱਕੇ ਅਤੇ ਉਹ ਇੱਜੜ ਵਿੱਚੋਂ ਬੱਜ ਤੋਂ ਰਹਿਤ ਇੱਕ ਛੱਤ੍ਰਾ ਤੇਰੇ ਮੁੱਲ ਠਹਿਰਾਉਣ ਦੇ ਅਨੁਸਾਰ ਦੋਸ਼ ਦੀ ਭੇਟ ਲਈ ਜਾਜਕ ਕੋਲ ਲਿਆਵੇ ਅਤੇ ਜਾਜਕ ਉਸ ਦੇ ਲਈ ਉਸ ਅਣਜਾਣ ਪੁਣੇ ਦੀ, ਜਿਸ ਦੇ ਵਿੱਚ ਉਹਨੇ ਪਾਪ ਕੀਤਾ ਸੀ ਅਤੇ ਉਸ ਨੂੰ ਖਬਰ ਨਹੀਂ ਹੋਈ ਸੀ, ਪ੍ਰਾਸਚਿਤ ਕਰੇ ਅਤੇ ਉਸ ਨੂੰ ਖਿਮਾ ਹੋ ਜਾਵੇਗੀ ਇਹ ਦੋਸ਼ ਦੀ ਭੇਟ ਹੈ, ਉਸ ਯਹੋਵਾਹ ਦੇ ਅੱਗੇ ਜਰੂਰ ਪਾਪ ਕੀਤਾ (5: 17–19)।

ਇਸ ਮਹੱਤਵਪੂਰਣ ਗੱਲ ਤੇ ਜ਼ੋਰ ਦਿੱਤਾ ਗਿਆ ਹੈ ਕਿ ਆਦਮੀ ਕਿਸ ਗੱਲ ਵਿਚ ਦੋਸ਼ੀ ਹੈ, ਪਰਮੇਸ਼ੁਰ ਨੇ ਤੈਅ ਕਰਨਾ ਸੀ ਨਾ ਕਿ ਆਦਮੀ ਨੇ ਆਪ!

ਦੋਸ਼ੀ ਹੋਣ ਦਾ ਮਤਲਬ ਨਹੀਂ ਕੱਢਿਆ ਜਾਂਦਾ ਸੀ ਬਲਕਿ ਦੋਸ਼ ਸਚਮੁਚ ਹੁੰਦਾ ਸੀ। ਇਸ ਨੂੰ ਦਿੱਤੀ ਜਾਣ ਵਾਲੀ ਕੁਰਬਾਨੀ ਦੇ ਨਾਲ ਮੰਨਿਆ ਜਾਣਾ ਜ਼ਰੂਰੀ ਸੀ। ''ਯਹੋਵਾਹ ਦੀਆਂ ਪਵਿੱਤਰ ਗੱਲਾਂ'' ਦੇ ਵਿਰੁੱਧ ਕੀਤੇ ਗਏ ਅਪਰਾਧ ਅਤੇ ਗੁਆਂਢੀ ਦੇ ਵਿਰੁੱਧ ਕੀਤੇ ਜਾਣ ਵਾਲੇ ਅਪਰਾਧ ਲਈ ਕੁਰਬਾਨੀ ਵਿਚ ਭਾਵੇਂ ਫ਼ਰਕ ਸੀ ਪਰ ਉਸ ਦੋਸ਼ ਨਾਲ ਨਜਿੱਠਣ ਦਾ ਕੰਮ ਸ਼ਰ੍ਹਾ ਦੇ ਰਾਹੀਂ, ਖ਼ੁਦਾ ਹੀ ਤੈਅ ਕਰਦਾ ਸੀ।

ਅੱਜ ਖੁਸ਼ਖ਼ਬਰੀ ਦੇ ਪ੍ਰਚਾਰ ਵਿਚ ਸਭ ਤੋਂ ਵੱਡੀਆਂ ਚੁਣੌਤੀਆਂ ਵਿੱਚੋਂ ਇਕ ਇਹ ਹੈ ਕਿ ਲੋਕਾਂ ਨੂੰ ਯਕੀਨ ਦੁਆਉਣਾ ਪੈਂਦਾ ਹੈ ਕਿ ਉਹ ਸਰਵਸ਼ਕਤੀਮਾਨ ਪਰਮੇਸ਼ੁਰ ਦੇ ਵਿਰੁੱਧ ਪਾਪ ਕਰਨ ਦੇ ਦੋਸ਼ੀ ਹਨ। ਬਾਈਬਲ ਪਰਮੇਸ਼ੁਰ ਦੀ ਪੁਸਤਕ ਹੈ ਜਿਹੜੀ ਉਨ੍ਹਾਂ ਹੱਦਾਂ ਨੂੰ ਪਰਿਭਾਸ਼ਿਤ ਕਰਦੀ ਹੈ ਜਿਹੜੀਆਂ ਮਨੁੱਖ ਨੇ ਉਹਦੇ ਵਿਰੁੱਧ ਲੰਘੀਆਂ ਹਨ। ਸੈਕੁਲਰ ਮਨੋਵਿਗਿਆਨ ਦੇ ਯੁੱਗ ਵਿਚ ਮਨੁੱਖ ਅਸਲ ਦੋਸ਼ ਨਾਲ ਨਜਿੱਠਣ ਵਿਚ ਗੁਮਰਾਹ ਹੋ ਗਿਆ ਹੈ। ਬਹੁਤ ਸਾਰੇ ਲੋਕ ਇਹ ਆਖਦੇ ਹਨ ਕਿ ਦੋਸ਼ ਨੂੰ ਮਾਪਿਆਂ, ਸਮਾਜ ਜਾਂ ਹੋਰ ਗ਼ਲਤੀ ਕਰਨ ਵਾਲਿਆਂ ਉੱਤੇ ਪਾਇਆ ਜਾ ਸਕਦਾ ਹੈ, ਪਰ ਇਹ ਕਹਿਣ

ਤੋਂ ਬਚਦੇ ਹਨ ਕਿ ਵਿਅਕਤੀ ਆਪਣੇ ਹੀ ਵਿਚਾਰਾਂ ਅਤੇ ਕੰਮਾਂ ਲਈ ਜ਼ਿੰਮੇਵਾਰ ਹੈ। ਇਹ ਪਰਮੇਸ਼ੁਰ ਦੀ ਸਲਾਹ ਦੇ ਬਿਲਕੁਲ ਉਲਟ ਹੈ। ਪੌਲੁਸ ਨੇ ਐਲਾਨ ਕੀਤਾ:

> ... ਕਿਉਂ ਜੋ ਅਸੀਂ ਤਾਂ ਅੱਗੇ ਆਖ ਬੈਠੇ ਹਾਂ ਜੋ ਯਹੂਦੀ ਅਤੇ ਯੂਨਾਨੀ ਸਾਰਿਆਂ ਦੇ ਸਾਰੇ ਪਾਪ ਦੇ ਹੇਠ ਹਨ। ਜਿਵੇਂ ਲਿਖਿਆ ਹੋਇਆ ਹੈ, ਕੋਈ ਧਰਮੀ ਨਹੀਂ, ਇਕ ਵੀ ਨਹੀਂ, ਕੋਈ ਸਮਝਣ ਵਾਲਾ ਨਹੀਂ, ਕੋਈ ਪਰਮੇਸ਼ੁਰ ਦਾ ਤਾਲਿਬ ਨਹੀਂ। ਓਹ ਸਭ ਕੁਰਾਹੇ ਪੈ ਗਏ, ਓਹ ਸਾਰੇ ਦੇ ਸਾਰੇ ਨਿਕੰਮੇ ਹੋਏ ਹੋਏ ਹਨ, ਕੋਈ ਭਲਾ ਕਰਨ ਵਾਲਾ ਨਹੀਂ, ਇਕ ਵੀ ਨਹੀਂ। ... ਕਿਉਂਕਿ ਸਭਨਾਂ ਨੇ ਪਾਪ ਕੀਤਾ ਅਤੇ ਪਰਮੇਸ਼ੁਰ ਦੇ ਪਰਤਾਪ ਤੋਂ ਰਹਿ ਗਏ (ਰੋਮੀਆਂ 3:9–12, 23)।

ਪਰਮੇਸ਼ੁਰ ਨੇ ਆਖਿਆ ਕਿ ਮਨੁੱਖ ਵਿਚ ਅਸਲ ਦੋਸ਼ ਹੈ ਅਤੇ ''ਖੁਸ਼ਖ਼ਬਰੀ'' ਸੁਣਾਏ ਜਾਣ ਤੋਂ ਪਹਿਲਾਂ ਸਾਡੇ ਲਈ ਇਸ ਜ਼ਿੰਮੇਵਾਰੀ ਨੂੰ ਮੰਨ ਲੈਣਾ ਜ਼ਰੂਰੀ ਹੈ।

ਮਨੁੱਖ ਦੇ ਦੋਸ਼ ਦੇ ਐਲਾਨ ਦੀ ਚੁਣੌਤੀ ਦੇ ਨਾਲ ਬੜੀ ਨਜ਼ਦੀਕੀ ਨਾਲ ਜੁੜੀ ਪਰਮੇਸ਼ੁਰ ਜੋਗ ਉਦਾਸੀ ਦੀ ਧਾਰਣਾ ਹੈ। ਆਤਮਿਕ ਤੌਰ ਤੇ ਅੱਜ ਦੀ ਖ਼ਤਰਨਾਕ ਗ਼ਲਤੀ ਇਹ ਹੈ ਕਿ ਖੁਸ਼ਖਬਰੀ ਸੁਣਾਏ ਜਾਣ ਵੇਲੇ ਕੁਝ ਵੀ ਨਕਾਰਾਤਮਕ ਨਹੀਂ ਕਿਹਾ ਜਾਣਾ ਚਾਹੀਦਾ। ਜੇ ਅਸਲ ਦੋਸ਼ ਦਾ ਕਦੇ ਪਤਾ ਨਾ ਹੋਵੇ ਤਾਂ ਲੋਕ ਖੁਸ਼ਖ਼ਬਰੀ ਨੂੰ ਕਿਵੇਂ ਮੰਨ ਸਕਦਾ ਹੈ? ਜਦੋਂ ਪਾਪ ਦੇ ਦੋਸ਼ ਦਾ ਪਤਾ ਲੱਗ ਜਾਂਦਾ ਹੈ ਤਾਂ ਬਾਈਬਲ ਦੱਸਦੀ ਹੈ ਕਿ ਇਹ ''ਪਰਮੇਸ਼ੁਰ ਜੋਗ ਉਦਾਸੀ'' ਦਾ ਕਾਰਣ ਬਣਦਾ ਹੈ (2 ਕੁਰਿੰਥੀਆਂ 7:11)। ਪੈਂਟੀਕਾਸਟ ਵਾਲੇ ਦਿਨ ਆਪਣੇ ਉਪਦੇਸ਼ ਵਿਚ ਪਤਰਸ ਯਿਸੂ ਮਸੀਹ ਦੇ ਜੀ ਉੱਠਣ ਦੀ ਖੁਸ਼ਖ਼ਬਰੀ ਸੁਣਾ ਰਿਹਾ ਸੀ। ਫਿਰ ਵੀ ਪਤਰਸ ਲਈ ਲੋਕਾਂ ਦੇ ਉਸ ਉਪਦੇਸ਼ ਨੂੰ ਮੰਨਣ ਦੇ ਯੋਗ ਹੋਣ ਲਈ ਉਨ੍ਹਾਂ ਨੂੰ ਸਭ ਤੋਂ ਪਹਿਲਾਂ ਯਿਸੂ ਨੂੰ ਸਲੀਬ ਦਿੱਤੇ ਜਾਣ ਦੀ ਉਨ੍ਹਾਂ ਦੀ ਨਿੱਜੀ ਜ਼ਿੰਮੇਵਾਰੀ ਵਰਗੀਆਂ ਕੁਝ ਨਕਾਰਾਤਮਕ ਗੱਲਾਂ ਤੋਂ ਜਾਣੂ ਕਰਵਾਉਣਾ ਜ਼ਰੂਰੀ ਸੀ। ਉਹਦੇ ਬੋਲਦਿਆਂ ਉੱਥੇ ਕਈ ਲੋਕਾਂ ਨੇ ਤੋਬਾ ਕਰਦਿਆਂ ਪੁੱਛਿਆ ਸੀ, ''ਹੇ ਭਾਈਓ ਅਸੀਂ ਕੀ ਕਰੀਏ?'' (ਰਸੂਲਾਂ ਦੇ ਕਰਤੱਬ 2:37)। ਇਸ ਤੋਂ ਬਾਅਦ ਪਤਰਸ ਉਨ੍ਹਾਂ ਨੂੰ ਪਾਪ ਦੇ ਅਸਲ ਦੋਸ਼ ਤੋਂ ਜੋ ਕਿ ਉਨ੍ਹਾਂ ਦੀਆਂ ਜ਼ਿੰਦਗੀਆਂ ਉੱਤੇ ਬੋਝ ਸੀ, ਖਹਿੜਾ ਛੁਡਾਉਣ ਦੇ ਤਰੀਕੇ ਦੀ ਖੁਸ਼ਖ਼ਬਰੀ ਦੱਸ ਸਕਿਆ। ਉਨ੍ਹਾਂ ਦੇ ਯਿਸੂ ਮਸੀਹ ਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਵਿਚ ਬਪਤਿਸਮਾ ਲੈਣ ਨਾਲ ਉਨ੍ਹਾਂ ਦੇ ਪਾਪ ਧੁਲ ਜਾਣੇ ਸਨ ਅਤੇ ਪਰਮੇਸ਼ੁਰ ਨੇ ਉਨ੍ਹਾਂ ਕੋਲ ਵਾਅਦੇ ਦਾ ਪਵਿੱਤਰ ਆਤਮਾ ਭੇਜ ਸਕਣਾ ਸੀ (ਰਸੂਲਾਂ ਦੇ ਕਰਤੱਬ 2:38)। ਯਿਸੂ ਮਸੀਹ ਦੀ ਖੁਸ਼ਖ਼ਬਰੀ ਸੁਨਾਉਣ ਦੇ ਨਾਲ–ਨਾਲ ਇਹ ਬੁਰੀ ਖ਼ਬਰ ਵੀ ਸੁਨਾਉਣੀ ਜ਼ਰੂਰੀ ਹੈ ਕਿ ਉਹਨੂੰ ਆਉਣ ਦੀ ਲੋੜ ਕਿਉਂ ਪਈ ਅਤੇ ਮਨੁੱਖ ਨੂੰ ਐਨੀ ਸ਼ਿੱਦਤ ਨਾਲ ਉਹਦੀ ਲੋੜ ਕਿਉਂ ਹੈ। ਪਾਪ ਸੰਸਾਰ ਵਿਚ ਆ ਗਿਆ ਸੀ ਅਤੇ ਪਾਪ ਦੇ ਰਾਹੀਂ ਮੌਤ ਆਈ ਸੀ (ਰੋਮੀਆਂ 5:12)। ਪਾਪ ਦੋਸ਼ ਦਾ ਕਾਰਣ ਬਣਦਾ ਹੈ ਅਤੇ ਯਿਸੂ ਮਸੀਹ ਦੀ ਮੌਤ ਦੇ ਰਾਹੀਂ ਦੋਸ਼ ਨਾਲ ਨਜਿੱਠਿਆ ਜਾਣਾ ਜ਼ਰੂਰੀ ਹੈ।

ਭੇਟਾਂ ਵਿਚ ਇਕ ਹੋਰ ਫ਼ਰਕ ਇਹ ਹੈ ਕਿ ਖ਼ੁਦਾ ਨੇ ਸਿਰਫ਼ ਦੋਸ਼ ਨੂੰ ਹੀ ਜਵਾਬਦੇਹ ਨਹੀਂ ਠਹਿਰਾਇਆ ਬਲਕਿ ਉਹਨੇ ਇਹ ਵੀ ਦੱਸਿਆ ਕਿ ਉਸ ਦੋਸ਼ ਨੂੰ ਦੂਰ ਕਰਨ ਲਈ ਕੀ ਕਰਨਾ ਜ਼ਰੂਰੀ ਸੀ। ਇਸ ਤੱਥ ਵਿਚ ਕਿ ਪਰਮੇਸ਼ੁਰ ਨੇ ਉਸ ਪਾਪ ਨੂੰ ਦੂਰ ਕਰਨ ਦੀਆਂ ਜ਼ਰੂਰੀ ਚੀਜ਼ਾਂ ਦੱਸੀਆਂ ਸਨ, ਕੁਝ ਵੱਡੇ ਮਕਸਦ ਸਨ। ਉਨ੍ਹਾਂ ਮਕਸਦਾਂ ਵਿੱਚੋਂ ਇਕ ਜੋ ਲਹੂ ਦੀ ਕੁਰਬਾਨੀ ਦੀ ਜ਼ਰੂਰਤ ਵਿਚ ਮਿਲਦਾ ਹੈ, ਕੁਰਬਾਨੀ ਲਿਆਉਣ ਵਾਲੇ ਦੇ ਅਪਰਾਧ ਦੀ ਕਿਸਮ ਦੀ ਸਮਝ ਵਿਚ ਵੇਖਿਆ ਜਾ ਸਕਦਾ ਹੈ। ਇਹ ਸਿਰਫ਼ ''ਯਹੋਵਾਹ ਦੀਆਂ ਪਵਿੱਤਰ ਗੱਲਾਂ'' (5:15) ਦਾ ਵਿਰੋਧ, ਉਸ ਦੀ ਲਿਖਤੀ ਸ਼ਰ੍ਹਾ ਦਾ ਉਲੰਘਣ ਭਾਵ ਹੱਦ ਟੱਪਣਾ ਹੀ ਨਹੀਂ ਸੀ, ਬਲਕਿ ਸਰਵਸ਼ਕਤੀਮਾਨ, ਰਾਜੇ ਅਤੇ ਸਿਰਜਣਹਾਰ ਦੇ ਰੂਪ ਵਿਚ ਉਸ ਦਾ ਹੁਕਮ ਤੋੜਨਾ ਭਾਵ ਪਾਪ ਸੀ। ਭੇਟ ਲਿਆਉਣ ਵਾਲੇ ਲਈ ਆਪਣੇ ਅਪਰਾਧਾਂ

ਨੂੰ ਯਾਦ ਰੱਖਣਾ ਜ਼ਰੂਰੀ ਸੀ। ਆਪਣੇ ਸੁਭਾਅ ਤੋਂ ਹੀ ਉਹ ਪਰਮੇਸ਼ੁਰ ਦੇ ਕਿਰਦਾਰ ਦੇ ਉਲਟ ਸਨ। ਲੋੜੀਂਦੀ ਕੁਰਬਾਨੀ ਵੀ ਉਸ ਕਰਜ਼ ਦਾ ਧਿਆਨ ਦੁਆਉਂਦੀ ਸੀ ਜਿਹੜਾ ਭੇਟ ਲਿਆਉਣ ਵਾਲੇ ਨੇ ਦੇਣਾ ਹੁੰਦਾ ਸੀ ਜੋ ਕਿ ਇਥੇ ''ਬੱਜ ਤੋਂ ਰਹਿਤ ਇਕ ਛਤਰਾ'' ਸੀ (6:6)। ਨਾ ਸਿਰਫ਼ ਇਬਰਾਨੀ ਲੋਕਾਂ ਵਿਚਕਾਰ ਬਲਕਿ ਬਾਅਦ ਦੇ ਇਤਹਾਸ ਵਿਚ ਵੀ ਅਰਬੀ ਅਤੇ ਰੋਮੀ ਲੋਕ ਭੇਡ, ਖ਼ਾਸਕਰ ਭੇਡੂ ਨੂੰ ਕਰਜ਼ਾ ਲਾਹੁਣ ਦੇ ਆਮ ਜ਼ਰੀਏ ਦੇ ਰੂਪ ਵਿਚ ਵਰਤਦੇ ਸਨ, ਖ਼ਾਸ ਕਰਕੇ ਨਜ਼ਰਾਨਾ ਦੇਣ ਲਈ।[19] 2 ਰਾਜਿਆਂ 3:4 ਵਿਚ ਮੋਆਬ ਦਾ ਰਾਜਾ ਇਸਰਾਏਲ ਦੇ ਰਾਜੇ ਨੂੰ ''ਇੱਕ ਲੱਖ ਲੇਲਿਆਂ ਤੇ ਇੱਕ ਲੱਖ ਛਤ੍ਰਿਆਂ ਦੀ ਉੱਨ'' ਦਿੰਦਾ ਸੀ। ਇਹ ਨਜ਼ਰਾਨੇ ਦੀ ਰਕਮ ਸੀ। ਬਾਅਦ ਵਿਚ ਯਸਾਯਾਹ ਨਬੀ ਨੇ ਮੋਆਬ ਨੂੰ ਯਾਹਵੇਹ ਵੱਲੋਂ ਇਕ ਹੁਕਮ ਦਿੱਤਾ ਜਿਸ ਵਿਚ ਐਲਾਨ ਸੀ: ''ਦੇਸ਼ ਦੇ ਹਾਕਮ ਲਈ ... ਸਿਓਨ ਦੀ ਧੀ ਦੇ ਪਰਬਤ ਨੂੰ ਲੇਲੇ ਘੱਲੋ'' (ਯਸਾਯਾਹ 16:1)। ''ਦੋਸ਼ੀ ਪੱਖ'' ਲਈ ਲੇਲਾ ਖ਼ਰੀਦ ਕੇ ਯਾਜਕ ਕੋਲ ਲਿਆਂਦਾ ਜਾਣ ਵੇਲੇ ਆਪਣੇ ਪਾਪਾਂ ਦਾ ਇਕਰਾਰ ਅਤੇ ਯਾਜਕ ਲਈ ਉਸ ਲੇਲੇ ਨੂੰ ਪਾਪ ਦੀ ਭੇਟ ਵਜੋਂ ਕੱਟਣਾ ਜ਼ਰੂਰੀ ਹੁੰਦਾ ਸੀ। ਪਰ ਲਹੂ ਜਗਵੇਦੀ ਦੇ ਸਿੰਗਾਂ ਉੱਤੇ ਨਹੀਂ ਲਾਇਆ ਜਾਂਦਾ ਸੀ ਜਾਂ ਪਵਿੱਤਰ ਅਸਥਾਨ ਦੇ ਨੇੜੇ ਨਹੀਂ ਲਿਆਇਆ ਜਾਂਦਾ ਸੀ, ਬਲਕਿ ਹੋਮਬਲੀ ਵਾਂਗ ਜਗਵੇਦੀ ਦੇ ਨੇੜੇ ਛਿੜਕਿਆ ਜਾਂਦਾ ਸੀ।

ਇਹ ਕੁਰਬਾਨੀ ਉਦੋਂ ਵੀ ਜ਼ਰੂਰੀ ਹੁੰਦੀ ਸੀ ਜਦੋਂ ਅਪਰਾਧ ਯਹੋਵਾਹ ਦੀ ਬਜਾਇ ਗੁਆਂਢੀ ਦੇ ਵਿਰੁੱਧ ਹੋਵੇ। ਨਜਾਇਜ਼ ਤਰੀਕੇ ਨਾਲ ਲਏ ਜਾਂ ਵਰਤੇ ਗਏ ਸਾਰੇ ਹਿੱਸੇ ਦਾ ਪੰਜਵਾਂ ਹਿੱਸਾ ਹਰਜਾਨੇ ਵਜੋਂ ਜੋੜਿਆ ਜਾਂਦਾ ਸੀ। ਇਹ ਸਭ ਨਾ ਸਿਰਫ਼ ਗੁਆਂਢੀ ਨਾਲ ਸਭ ਗੱਲਾਂ ਵਿਚ ਸੁਧਾਰ ਕਰਨ ਲਈ ਬਲਕਿ ਦੋਸ਼ੀ ਨੂੰ ਕਰਜ਼ੇ ਦਾ ਬੋਧ ਕਰਵਾਉਣ ਲਈ ਵੀ ਕੀਤਾ ਜਾਂਦਾ ਸੀ। ਯਹੋਵਾਹ ਅੱਗੇ ਚੜ੍ਹਾਈ ਜਾਣ ਵਾਲੀ ਕੁਰਬਾਨੀ ਵੀ ਲੇਲਾ ਹੀ ਹੁੰਦਾ ਸੀ ਪਰ ਇਸ ਦੀ ਕੀਮਤ ਯਾਜਕ ਵੱਲੋਂ ਤੈਅ ਕੀਤੀ ਜਾਂਦੀ ਸੀ। ਠਹਿਰਾਇਆ ਹੋਇਆ ਖ਼ਰਚਾ ਪਵਿੱਤਰ ਅਸਥਾਨ ਦਾ ਸ਼ਕਲ ਹੁੰਦਾ ਸੀ ਅਤੇ ਯਾਜਕ ਹੀ ਹਰਜਾਨੇ ਦੇ ਨਾਲ ਕੁਲ ਕੀਮਤ ਦਾ ਪੰਜਵਾਂ ਹਿੱਸਾ ਜੋੜ ਕੇ ਗੁਆਂਢੀ ਦਾ ਨੁਕਸਾਨ ਅਤੇ ਹਰਜਾਨਾ ਤੈਅ ਕਰਦਾ ਸੀ। ਨਾਲੇ ਅਸੀਂ ਵੇਖਦੇ ਹਾਂ ਕਿ ਦੋਸ਼ੀ ਪੱਖ ਕਿਸੇ ਵੀ ਤਰ੍ਹਾਂ ਨਾਲ ਆਪਣੀ ਸਜ਼ਾ ਅਤੇ ਹਰਜਾਨਾ ਤੈਅ ਨਹੀਂ ਕਰ ਸਕਦਾ ਸੀ। ਪਰ ਖ਼ੁਦਾ ਯਾਜਕਾਂ ਦੇ ਰਾਹੀਂ ਤੈਅ ਕਰਦਾ ਸੀ ਕਿ ਉਹਨੂੰ ਅਤੇ ਗੁਆਂਢੀ ਨੂੰ ਜਿਸ ਨਾਲ ਬੁਰਿਆਈ ਹੋਈ ਹੋਈ ਹੋਵੇ ਕਿਵੇਂ ਸੰਤੁਸ਼ਟ ਕਰਨ ਲਈ ਕੀ ਕੀਤਾ ਜਾਵੇ ਅਤੇ ਕਿੰਨੀ ਕੀਮਤ ਚੁਕਾਈ ਜਾਵੇ।[20]

ਦੋਸ਼ ਦੀ ਭੇਟ ਅਤੇ ਪਾਪ ਦੀ ਭੇਟ ਵਿਚਕਾਰ ਇਕ ਤੀਜਾ ਫ਼ਰਕ ਵੇਖਿਆ ਜਾ ਸਕਦਾ ਹੈ। ਪਾਪ ਦੀ ਭੇਟ ਬਹੁਤ ਕਰਕੇ ਕੌਮ ਦੇ ਪਾਪਾਂ ਲਈ ਹੁੰਦੀ ਸੀ। ਦੋਸ਼ ਦੀ ਭੇਟ ਕਰੜਾਈ ਨਾਲ ਨਿੱਜੀ ਹੁੰਦੀ ਸੀ। ਇਕਰਾਰ ਅਤੇ ਕੁਰਬਾਨੀ ਨਿੱਜੀ ਹੁੰਦੇ ਸਨ ਅਤੇ ਪ੍ਰਾਸਚਿਤ ਵਾਲੇ ਦਿਨ ਯਾਜਕ ਵੱਲੋਂ ਨਹੀਂ ਕੀਤੇ ਜਾਂਦੇ ਸਨ। ਇਕ ਅਰਥ ਵਿਚ ਇਸ ਨਾਲ ਕੁਰਬਾਨੀ ਲਿਆਉਣ ਵਾਲੇ ਨੂੰ ਆਪਣੀ ਜ਼ਿੰਦਗੀ ਵਿਚ ਪਾਪ ਹੋਏ ਹੋਣ ਦਾ ਪਤਾ ਲਗ ਜਾਂਦਾ। ਅਣਜਾਣਪੁਣੇ ਜਾਂ ਅਗਿਆਨਤਾ ਵਿਚ ਕੀਤੇ ਗਏ ਬਹੁਤ ਸਾਰੇ ਪਾਪ ਜਿਨ੍ਹਾਂ ਵਿਚ ਕਈ ਗ਼ਲਤੀਆਂ ਅਜਿਹੀਆਂ ਹੁੰਦੀਆਂ ਸਨ ਜਿਹੜੀਆਂ ਉਦੋਂ ਕਰਨ ਵਾਲੇ ਦੇ ਧਿਆਨ ਵਿਚ ਲਿਆਈਆਂ ਜਾਂਦੀਆਂ ਸਨ। ਇਨ੍ਹਾਂ ਵਿੱਚੋਂ ਕੁਝ ਦੀ ਝਲਕ ਦੋਸ਼ ਦੀ ਭੇਟ ਵਿੱਚੋਂ ਮਿਲਦੀ ਹੈ ਪਰ ਇਸ ਕੁਰਬਾਨੀ ਦਾ ਵੱਡਾ ਹਿੱਸਾ ਜਾਣਬੁੱਝ ਕੇ ਕੀਤੇ ਗਏ ਪਾਪਾਂ ਉੱਤੇ ਜ਼ੋਰ ਦਿੰਦਾ ਲਗਦਾ ਹੈ। ਇਸ ਕਰਕੇ ਹਰਜਾਨਾ ਵੱਡਾ ਹੁੰਦਾ ਸੀ।

*ਮਸੀਹ ਅਤੇ ਦੋਸ਼ ਦੀ ਭੇਟ।* ਇਸ ਕੁਰਬਾਨੀ ਅਤੇ ਸਾਰੀ ਮਨੁੱਖ ਜਾਤੀ ਲਈ ਪਾਪ ਦੀ ਭੇਟ ਹੋਣ ਲਈ ਮਸੀਹ ਦੀ ਕੁਰਬਾਨੀ ਵਿਚਕਾਰ ਕੁਝ ਸਪੱਸ਼ਟ ਸਮਾਨਤਾਵਾਂ ਹਨ। ਤਾਂ ਵੀ ਉਹਦੇ ਪਾਪ ਦੀ ਭੇਟ ਹੋਣ ਅਤੇ ਨਾਲ ਦੇ ਨਾਲ ਦੋਸ਼ (ਜਾਂ ਅਪਰਾਧ) ਦੀ ਭੇਟ ਹੋਣ ਵਿਚ ਕੁਝ ਮਾਮੂਲੀ ਜਿਹੇ ਫ਼ਰਕ ਵੀ ਹਨ। ਯਸਾਯਾਹ 53:10 ਵਿਚ ਯਸਾਯਾਹ ਨੇ ਦੁਖੀ ਮਸੀਹਾ ਦੀ ਗੱਲ ਇਨ੍ਹਾਂ ਸ਼ਬਦਾਂ ਵਿਚ ਕੀਤੀ:

''ਪਰ ਯਹੋਵਾਹ ਨੂੰ ਭਾਇਆ ਕਿ ਉਹਨੂੰ ਕੁਚਲੇ ਅਰ ਸੋਗ ਵਿਚ ਪਾਵੇ; ਤਦ ਉਸ ਦੀ ਜਾਨ ਨੂੰ ਤੂੰ *ਦੋਸ਼* ਦੀ ਬਲੀ ਠਹਿਰਾਵੇਂ।'' ਨਬੀ ਨੇ ਸਾਫ਼ ਸਾਫ਼ ਸਾਡੇ ਪਾਪਾਂ ਦੀ ਗੱਲ ਕੀਤੀ (ਯਸਾਯਾਹ 53:5) ਅਤੇ ਕਿਹਾ ਕਿ ਮਸੀਹਾ ਨੇ ''ਬਹੁਤਿਆਂ ਦੇ ਪਾਪ ਚੁੱਕੇ, ਅਤੇ ਅਪਰਾਧੀਆਂ ਦੀ ਸਫ਼ਾਰਸ਼ ਕੀਤੀ'' (ਯਸਾਯਾਹ 53:12)।

ਪੌਲੁਸ ਨੇ ਆਪਣੀ ਪੂਰੀ ਸੇਵਕਾਈ ਦੌਰਾਨ ਪ੍ਰਭੂ ਦੇ ਵਿਰੁੱਧ ਆਪਣੇ ਕਈ ਅਪਰਾਧ ਗਿਣਵਾਏ ਪਰ ਫਿਰ ਵੀ ਉਹਨੇ ਮਸੀਹ ਯਿਸੂ ਵਿਚ ਮਿਲਣ ਵਾਲੇ ਰਹਿਮ ਅਤੇ ਫ਼ਜ਼ਲ ਲਈ ਬਾਰ-ਬਾਰ ਖ਼ੁਦਾ ਦਾ ਸ਼ੁਕਰ ਕੀਤਾ (ਵੇਖੋ 1 ਤਿਮੋਥਿਉਸ 1:12-16)। ਮਸੀਹ ਦੀ ਕੁਰਬਾਨੀ ਨਾਲ ਪੌਲੁਸ ਮਸੀਹ ਦਾ ਅਹਿਸਾਨਮੰਦ ਹੋ ਗਿਆ ਅਤੇ ਉਹਨੂੰ ਲੱਗਾ ਕਿ ਮੁਕਤੀ ਦੇ ਸੰਦੇਸ਼ ਨੂੰ ਦੂਜਿਆਂ ਤਕ ਪਹੁੰਚਾਉਣਾ ਉਹਦਾ ''ਫ਼ਰਜ਼'' ਹੈ (ਰੋਮੀਆਂ 1:14-17)। ਪੌਲੁਸ ''ਅਮਲਾਂ ਨਾਲ ਮੁਕਤੀ'' ਦੀ ਕੋਸ਼ਿਸ਼ ਨਹੀਂ ਕਰ ਰਿਹਾ ਸੀ, ਪਰ ਉਸ ਵੱਡੀ ਕੁਰਬਾਨੀ ਨਾਲ ਜਿਹੜੀ ਯਿਸੂ ਨੇ ਉਹਦੀ ਥਾਂ ਦਿੱਤੀ ਸੀ, ਉਹਨੂੰ ਪਾਪ ਦੇ ਉਸ ਭਾਰ ਨੂੰ ਜਿਹੜਾ ਉਸ ਦੀ ਜ਼ਿੰਦਗੀ ਤੋਂ ਲਾਹ ਦਿੱਤਾ ਗਿਆ ਸੀ, ਸਮਝਣ ਵਿਚ ਮਦਦ ਮਿਲੀ (ਵੇਖੋ ਰੋਮੀਆਂ 7)।

ਪਾਪ ਤੋਂ ਸਾਡੀ ਮੁਕਤੀ ਵਿਚ ਕਰਜ਼ ਦੀ ਇਸੇ ਤਰ੍ਹਾਂ ਦੀ ਭਾਵਨਾ ਮਿਲਣੀ ਚਾਹੀਦੀ ਹੈ। ਇਹ ਆਪਣੇ ਕੰਮਾਂ ਨਾਲ ਪ੍ਰਭੂ ਨੂੰ ਕਰਜ਼ਾ ਮੋੜ ਦੇਣ ਦੀ ਭਾਵਨਾ ਨਹੀਂ ਹੈ, ਬਲਕਿ ਜਿਵੇਂ ਕਿ ਇਕ ਗੀਤ ਵਿਚ ਸੁਝਾਅ ਹੈ, ''ਉਸ ਨੇ ਉਹ ਕਰਜ਼ਾ ਲਾਹ ਦਿੱਤਾ ਜਿਹੜਾ ਉਹਦਾ ਨਹੀਂ ਸੀ। ਮੇਰਾ ਕਰਜ਼ਾ ਐਨਾ ਕੁ ਸੀ ਕਿ ਚੁਕਾਇਆ ਨਹੀਂ ਜਾ ਸਕਦਾ ਸੀ।''[21]

ਇਸ ਤਰ੍ਹਾਂ ਦੀ ਕੁਰਬਾਨੀ ਵਿਚ ਇਕ ਹੋਰ ਅਹਿਮ ਨਿਯਮ ਇਹ ਹੈ ਕਿ ਬਪਤਿਸਮੇ ਤੋਂ ਪਹਿਲਾਂ ਅਤੇ ਬਪਤਿਸਮੇ ਤੋਂ ਬਾਅਦ ਵਿਚ ਪ੍ਰਭੂ ਨੇ ਹਮੇਸ਼ਾ ਇਕਰਾਰ ਨੂੰ ਚਾਹਿਆ ਹੈ। ''ਇਕਰਾਰ'' (***homologeō***, *ਹੋਮੋਲੋਜਿਓ*) ਸ਼ਬਦ ਦਾ ਅਰਥ ''ਇਕੱਠੇ ਸਹਿਮਤ ਹੋਣਾ'' ਹੈ। ਪੁਰਾਣੇ ਅਤੇ ਨਵੇਂ ਦੋਹਾਂ ਨੇਮਾਂ ਵਿਚ ਇਹ ਸਮਝ ਇੱਕੋ ਜਿਹੀ ਹੈ। ਲੇਵੀਆਂ ਦੀ ਪੁਸਤਕ ਵਾਲੀ ਦੋਸ਼ ਬਲੀ ਵਿਚ, ਕੁਰਬਾਨੀ ਲਿਆਉਣ ਵਾਲੇ ਲਈ ਕੁਰਬਾਨੀ ਦਿੱਤੇ ਜਾਣ ਤੋਂ ਪਹਿਲਾਂ ਆਪਣੇ ਪਾਪਾਂ ਦਾ ਇਕਰਾਰ ਜ਼ਰੂਰੀ ਸੀ। ਇਕ ਤਰ੍ਹਾਂ ਨਾਲ ਉਹ ਉਸ ਨਾਲ ਸਹਿਮਤ ਹੁੰਦਾ ਸੀ ਜਿਸ ਦਾ ਪਰਮੇਸ਼ੁਰ ਨੂੰ ਪਹਿਲਾਂ ਹੀ ਪਤਾ ਸੀ ਕਿ ਉਸ ਦੀ ਸ਼ਰ੍ਹਾ ਤੋੜੀ ਗਈ ਸੀ, ਪਾਪ ਹੋਇਆ ਸੀ ਅਤੇ ਦੋਸ਼ ਤੈਅ ਹੋ ਚੁੱਕਿਆ ਸੀ। ਉਨ੍ਹਾਂ ਪਾਪਾਂ ਨੂੰ ਖੁੱਲ੍ਹੇਆਮ ਮੰਨ (ਇਕਰਾਰ ਕਰ) ਕੇ ਉਹਦੇ ਬਾਅਦ ਕੁਰਬਾਨੀ ਲਿਆਉਣ ਵਾਲੇ ਲਈ ਆਪਣੇ ਸਾਹਮਣੇ ਮਾਫ਼ੀ ਦਾ ਰਾਹ ਖੁੱਲ੍ਹਦਾ ਸੀ। ਨਵੇਂ ਨੇਮ ਵਿਚ, ਬਪਤਿਸਮਾ ਹੋਣ ਤੋਂ ਪਹਿਲਾਂ, ਤੋਬਾ ਕਰਕੇ ਯਿਸੂ ਨੂੰ ਪਰਮੇਸ਼ੁਰ ਦਾ ਪੁੱਤਰ ਮੰਨਣਾ (ਇਕਰਾਰ ਕਰਨਾ) ਪਰਮੇਸ਼ੁਰ ਵੱਲੋਂ ਜ਼ਰੂਰੀ ਕਰਾਰ ਦਿੱਤਾ ਗਿਆ ਹੈ ਤਾਂ ਜੋ ਲੋੜੀਂਦਾ ਸ਼ੁੱਧੀਕਰਣ ਹੋ ਸਕੇ। ਸਾਡੇ ਲਈ ਪਰਮੇਸ਼ੁਰ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਹੈ ਕਿ ਅਸੀਂ ਪਾਪੀ ਹਾਂ ਅਤੇ ਸਾਨੂੰ ਉਹਦੇ ਪੁੱਤਰ ਮਸੀਹ ਦੇ ਰਾਹੀਂ ਮੁਕਤੀ ਦੀ ਲੋੜ ਹੈ। ਇਹ ਹੋ ਜਾਣ ਤੇ, ਫਿਰ ਸਾਨੂੰ ਉਸ ਵਿਚ ਆਪਣੇ ਬਪਤਿਸਮੇ ਦੇ ਰਾਹੀਂ ਉਹਦੇ ਛੁਟਕਾਰਾ ਦੁਆਉਣ ਵਾਲੇ ਲਹੂ ਤਕ ਪਹੁੰਚ ਮਿਲਦੀ ਹੈ। ਮਸੀਹੀ ਬਣਨ ਤੋਂ ਬਾਅਦ ਸਾਨੂੰ ਆਪਣੇ ਪਾਪਾਂ ਦੀ ਮਾਫ਼ੀ ਪਾਉਣ ਲਈ ਦੁਆ ਵਿਚ ਪਰਮੇਸ਼ੁਰ ਦੇ ਅੱਗੇ ਆਪਣੇ ਪਾਪਾਂ ਦਾ ਇਕਰਾਰ ਕਰਨ ਲਈ ਆਖਿਆ ਜਾਂਦਾ ਹੈ। ਯੂਹੰਨਾ ਨੇ ਆਪਣੇ ਖ਼ਤ ਵਿਚ ਇਸ ਦਾ ਜ਼ਿਕਰ ਕੀਤਾ:

> ਜੇ ਆਖੀਏ ਭਈ ਅਸੀਂ ਪਾਪੀ ਨਹੀਂ ਹਾਂ ਤਾਂ ਆਪਣੇ ਆਪ ਨੂੰ ਧੋਖਾ ਦਿੰਦੇ ਹਾਂ ਅਤੇ ਸਚਿਆਈ ਸਾਡੇ ਵਿਚ ਹੈ ਨਹੀਂ। ਜੇ ਅਸੀਂ ਆਪਣਿਆਂ ਪਾਪਾਂ ਦਾ ਇਕਰਾਰ ਕਰੀਏ ਤਾਂ ਉਹ ਵਫ਼ਾਦਾਰ ਅਤੇ ਧਰਮੀ ਹੈ ਭਈ ਸਾਡੇ ਪਾਪਾਂ ਨੂੰ ਮਾਫ਼ ਕਰੇ ਅਤੇ ਸਾਨੂੰ ਸਾਰੇ ਕੁਧਰਮ ਤੋਂ ਸ਼ੁੱਧ ਕਰੇ। ਜੇ ਆਖੀਏ ਭਈ ਅਸਾਂ ਪਾਪ ਨਹੀਂ ਕੀਤਾ ਹੈ ਤਾਂ ਉਹ ਨੂੰ ਝੂਠਾ ਬਣਾਉਂਦੇ ਹਾਂ ਅਤੇ ਉਹ ਦਾ ਵਚਨ ਸਾਡੇ ਵਿਚ ਨਹੀਂ ਹੈ (1 ਯੂਹੰਨਾ 1:8-10)।

ਸ਼ੈਤਾਨ ਸਾਡੇ ਮਨਾਂ ਵਿਚ ਰੋਜ਼ ਇਨ੍ਹਾਂ ਚੀਜ਼ਾਂ ਨੂੰ ਪਾਉਣ ਦੀ ਕੋਸ਼ਿਸ਼ ਕਰਦਿਆਂ, ਸਾਡੇ ਮਗਰ ਲੱਗਾ ਰਹਿੰਦਾ ਹੈ। ਪਰਮੇਸ਼ੁਰ ਦੇ ਅੱਗੇ ਆਪਣੇ ਪਾਪਾਂ ਦਾ ਇਕਰਾਰ ਸਾਨੂੰ ਉਹਦੇ ਨੇੜੇ ਰੱਖਦਾ ਹੈ ਅਤੇ ਉਸ ਦੀ ਨਜ਼ਰ ਵਿਚ ਦੋਸ਼ ਵਾਲੀਆਂ ਗੱਲਾਂ ਅਤੇ ਅਪਰਾਧ ਤੋਂ ਸਵੇਂਦਨਸ਼ੀਲ ਰੱਖਦਾ ਹੈ। ਜੇ ਉਹ ਨਜ਼ਰੀਆ ਸਾਥੋਂ ਕਦੇ ਖੁੱਸ ਜਾਵੇ ਤਾਂ ਅਸੀਂ ਆਪਣੀ ਆਤਮਿਕ ਸੰਵੇਦਨਸ਼ੀਲਤਾ ਅਤੇ ਸਮਝ ਦਾ ਬਹੁਤ ਵੱਡਾ ਹਿੱਸਾ ਗੁਆ ਬੈਠਾਂਗੇ।

*ਸਾਰ।* ਲੇਵੀਆਂ ਦੀ ਪੁਸਤਕ ਵਿਚ ਦੋਸ਼ ਦੀ ਭੇਟ (ਹੋਰਨਾਂ ਭੇਟਾਂ ਦੇ ਨਾਲ–ਨਾਲ) ਲਈ ਜ਼ਰੂਰੀ ਗੱਲਾਂ ਦੀ ਸਮੀਖਿਆ ਨਾਲ ਸਾਨੂੰ ਪਰਮੇਸ਼ੁਰ ਦੇ ਪ੍ਰੇਮ ਅਤੇ ਉਹਦੇ ਪੁੱਤਰ ਦੀ ਕੁਰਬਾਨੀ ਲਈ ਡੂੰਘੀ ਸਮਝ ਮਿਲ ਸਕਦੀ ਹੈ। ਉਨ੍ਹਾਂ ਅਪਰਾਧਾਂ ਦੀ ਸਜ਼ਾ ਨੂੰ ਜਿਹੜੇ ਅਸਾਂ ਕੀਤੇ ਸਨ, ਸਲੀਬ ਉੱਤੇ ਚੁੱਕ ਕੇ, ਯਿਸੂ ਸਾਡੇ ਦੋਸ਼ ਦੀ ਭੇਟ ਬਣ ਗਿਆ। ਉਹਨੇ ਸਾਡਾ ਕਰਜ਼ ਲਾਹ ਦਿੱਤਾ ਅਤੇ ਹੁਣ ਸਾਡਾ ਫ਼ਰਜ਼ ਹੈ ਕਿ ਅਸੀਂ ਉਸ ਦੀ ਸੇਵਾ ਕਰੀਏ।

ਮੈਕਸ ਟਾਰਬਟ

---

ਟਿੱਪਣੀਆਂ

[1]''ਲੇਲਾ ਲਿਆ ਨਾ ਸਕੇ'' ਦਾ ਸ਼ਬਦੀ ਅਨੁਵਾਦ ''ਉਹਦਾ ਹੱਥ ਲੇਲੇ ਤਕ ਨਾ ਅੱਪੜਦਾ ਹੋਵੇ'' ਹੋ ਸਕਦਾ ਹੈ। [2]ਇਹ ਨਹੀਂ ਦੱਸਿਆ ਗਿਆ ਕਿ ਦੋ ਪੰਛੀ ਕਿਉਂ ਕਿਹਾ ਗਿਆ, ਇਕ ਕਿਉਂ ਨਹੀਂ। ਆਰ. ਕੇ. ਹੈਰਿਸਨ ਦਾ ਮੁਲਾਂਕਣ ਹੈ, ''ਕਈ ਟੀਕਾਕਾਰ ... [ਸੁਝਾਅ ਦਿੰਦੇ ਹਨ] ਕਿ ਪੰਛੀ ਦੇ ਮਾਸ ਤੋਂ ਚਰਬੀ ਨੂੰ ਵੱਖ ਕਰਨਾ ਲਗਭਗ ਨਾਮੁਮਕਿਨ ਸੀ, ਇਸ ਕਰਕੇ ਯਾਜਕ ਨੂੰ ਪਾਪ ਦੀ ਭੇਟ ਦੇ ਮਾਸ ਵਾਲੇ ਹਿੱਸੇ ਨੂੰ ਨਾ ਦੇ ਕੇ (ਤੁਲਨਾ ਲੇਵੀਆਂ 6:26) ਇਕ ਪੰਛੀ ਨੂੰ ਤਾਂ ਪਾਪ ਦੀ ਭੇਟ ਦੀਆਂ ਸ਼ਰਤਾਂ ਮੁਤਾਬਿਕ ਪੂਰੇ ਦਾ ਪੂਰਾ ਸਾੜ ਦਿੱਤਾ ਜਾਂਦਾ, ਜਦਕਿ ਦੂਜੇ ਨੂੰ ਯਾਜਕ ਵੱਲੋਂ ਵਰਤੇ ਜਾਣ ਲਈ ਉਹਨੂੰ ਦੇ ਦਿੱਤਾ ਜਾਂਦਾ।'' ਪਰ ਹੈਰਿਸਨ ਨੇ ਇਹ ਆਖਦਿਆਂ ਕਿ ਦੋਹਾਂ ਪੰਛੀਆਂ ਨੂੰ ਜਗਵੇਦੀ 'ਤੇ ਸਾੜ ਦਿੱਤਾ ਜਾਂਦਾ ਸੀ, ਇਸ ਵਿਆਖਿਆ ਨੂੰ ਨਕਾਰਿਆ। (ਆਰ. ਕੇ. ਹੈਰਿਸਨ, *ਲੇਵੀਆਂ ਦੀ ਪੋਥੀ,* ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ [ਡਾਉਨਰਜ਼ ਗ੍ਰੋਵ, ਇਲਿਨੋਇਃ ਇੰਟਰ–ਵਰਸਿਟੀ ਪ੍ਰੈੱਸ, 1980], 70.) [3]ਅਜਿਹੇ ਵਿਅਕਤੀ ਨੂੰ ਜਿਹਦੇ ਕੋਲ ''ਨਾਕਾਫ਼ੀ ਸਾਧਨ'' ਹੋਣ (ਮੂਲ ਵਿਚ ਜਿਸ ਦਾ ''ਹੱਥ ਨਾ ਅੱਪੜਦਾ ਹੋਵੇ''), ਦੋ ਪੰਛੀ ਚੜ੍ਹਾਉਣ ਲਈ ਕਿਹਾ ਗਿਆ। [4]ਹੈਰਿਸਨ, 70. [5]ਇਸ ਵਿਚ ਇਹ ਮੰਨ ਲਿਆ ਜਾਂਦਾ ਹੈ ਕਿ ਅੱਯੂਬ ਦੀ ਕਹਾਣੀ ਮੂਸਾ ਦੀ ਸ਼ਰ੍ਹਾ ਦਿੱਤੇ ਜਾਣ ਤੋਂ ਪਹਿਲਾਂ ਦੀ ਹੈ। [6]ਲੁਡਵਿਗ ਕੋਹੇਲਰ ਐਂਡ ਵਾਲਟਰ ਬਾਮਗਾਰਟਨਰ, *ਦ ਹਿਬਰੂ ਐਂਡ ਅਰੈਮਿਕ ਲੈਕਸਿਕਨ ਆਫ਼ ਦ ਓਲਡ ਟੈਸਟਾਮੈਂਟ*, ਸਟੱਡੀ ਐਡਿ., ਅਨੁ. ਅਤੇ ਸੰਪਾ. ਐੱਮ. ਈ. ਜੇ. ਰਿਚਰਡਸਨ (ਬੋਸਟਨਃ ਬ੍ਰਿੱਲ, 2001), 1:96. [7]ਫ਼੍ਰਾਂਸਿਸ ਬ੍ਰਾਊਨ, ਐੱਸ. ਆਰ. ਡ੍ਰਾਈਵਰ, ਐਂਡ ਚਾਰਲਸ ਏ. ਬ੍ਰਿੱਗਸ, *ਏ ਹਿਬਰੂ ਐਂਡ ਇੰਗਲਿਸ਼ ਲੈਕਸੀਕਨ ਆਫ਼ ਦ ਓਲਡ ਟੈਸਟਾਮੈਂਟ* (ਆਕਸਫ਼ੋਰਡਃ ਕਲੇਰੰਡਨ ਪ੍ਰੈੱਸ, 1977), 79. [8]ਗੋਰਡਨ ਜੇ. ਵੈਨਹਮ, *ਦ ਬੁਕ ਆਫ਼ ਲੇਵੀਆਂ ਦੀ ਪੋਥੀ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ਿਗਨਃ ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1979), 106. [9]*ਡਿਕਸ਼ਨਰੀ ਆਫ਼ ਦ ਓਲਡ ਟੈਸਟਾਮੈਂਟਃ ਪੈਂਟਾਟਿਊਕ*, ਸੰਪਾ. ਟੀ. ਡੇਸਮੰਡ ਅਲਗਜ਼ੈਂਡਰ ਐਂਡ ਡੇਵਿਡ ਡਬਲਯੂ. ਬੇਕਰ (ਡਾਉਨਰਜ਼ ਗ੍ਰੋਵ, ਇਲਿਨੋਇਃ ਇੰਟਰਵਰਸਿਟੀ ਪ੍ਰੈੱਸ, 2003), 721 ਵਿਚ ਰਿਚਰਡ ਈ. ਐਵਰਬੇੱਕ, ''ਸੈਕਰਿਫ਼ਾਈਸਸ ਐਂਡ ਆਫ਼ਰਿੰਗਜ਼।'' [10]*ਦ ਇੰਟਰਪ੍ਰੇਟਰ'ਜ਼ ਵਨ–ਵੌਲਿਊਮ ਕਮੈਂਟਰੀ ਆਨ ਦ ਬਾਈਬਲ*, ਸੰਪਾ. ਚਾਰਲਸ ਐੱਮ. ਲੇਅਮਨ (ਨੈਸ਼ਵਿਲਃ ਅਬਿੰਗਡਨ ਪ੍ਰੈੱਸ, 1971), 71 ਵਿਚ ਜੇਕਬ ਮਿਲਗ੍ਰੋਮ, ''ਦ ਬੁਕ ਆਫ਼ ਲੇਵੀਆਂ ਦੀ ਪੋਥੀ।''

[11]ਰੌਏ ਗੇਨ, *ਲੇਵੀਆਂ ਦੀ ਪੋਥੀ*, *ਗਿਣਤੀ*, ਦ NIV ਐਪਲੀਕੇਸ਼ਨ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨਃ

ਜ਼ੌਂਡਰਵਨ, 2004), 133–34. ਐਵਰਬੈੱਕ ਨੇ ਇਸ ਵਿਆਖਿਆ ਦੀ ਚਰਚਾ ਕੀਤੀ ਪਰ ਕਿਹਾ ਕਿ ਇਹ ਇਸ ਵਿਚਾਰ ਨਾਲੋਂ ਘੱਟ ਲਗਦਾ ਹੈ ਜਿਸ ਨੂੰ 5:17–19 ਵਿਚ ''ਨਾਮਾਲੂਮ ਉਲੰਘਣਾ ਜੋ ਬਾਅਦ ਵਿਚ ਮਾਲੂਮ ਹੋ ਗਈ'' ਕਿਹਾ ਗਿਆ ਹੈ (ਐਵਰਬੈੱਕ, 721)। [12]ਜੇਕਬ ਮਿਲਗ੍ਰੋਮ, *ਲੇਵੀਆਂ ਦੀ ਪੋਥੀ 1–16,* ਦ ਐਂਕਰ ਬਾਈਬਲ (ਨਿਊ ਯਾਰਕ: ਡਬਲਡੇ, 1991), 50. [13]ਆਰ. ਕੇ. ਹੈਰਿਸਨ, *ਇੰਟ੍ਰੋਡਕਸ਼ਨ ਟੂ ਦ ਓਲਡ ਟੈਸਟਾਮੈਂਟ* (ਗ੍ਰੈਂਡ ਰੈਪਿਡਸ, ਮਿਸ਼ਿਗਨ. ਵਿਲੀਅਮ ਬੀ: ਈਰਡਮੈਂਜ਼ ਪਬਲੀਸ਼ਿੰਗ ਕੰ., 1969), 600. [14]ਜੌਨ ਐੱਚ. ਵਾਲਟਨ, *ਕ੍ਰੋਨੌਲੋਜਿਕਲ ਐਂਡ ਬੈਕਗ੍ਰਾਉਂਡ ਚਾਰਟਸ ਆਫ਼ ਦ ਓਲਡ ਟੈਸਟਾਮੈਂਟ,* (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1994), 22 [15]ਬਿੱਲ ਟੀ. ਆਰਨੋਲਡ ਐਂਡ ਬ੍ਰਾਇਨ ਟੀ. ਬੇਅਰ, *ਐਨਕਾਉਂਟਰਿੰਗ ਦ ਓਲਡ ਟੈਸਟਾਮੈਂਟ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕਸ, 1999), 120. [16]ਪਿਛਲੀ ਆਇਤ ਵਿਚ ''ਪਾਪ ਦੀ ਭੇਟ'' ਵਜੋਂ ਇਸੇ ਕੁਰਬਾਨੀ ਦੀ ਗੱਲ ਕਰਨ ਤੋਂ ਬਾਅਦ ਲੇਵੀਆਂ 5:7 ''ਦੋਸ਼ ਦੀ ਭੇਟ'' ਦੀ ਗੱਲ ਵੀ ਕਰਦੀ ਹੈ। [17]ਆਰਨੋਲਡ ਐਂਡ ਬੇਅਰ, 120. [18]*ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ*, ਜਿਲਦ 2, *ਉਤਪਤ–ਗਿਣਤੀ*, ਸੰਪਾ. ਫ੍ਰੈਂਕ ਈ. ਗੇਬਲਾਇਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1990), 552–53 ਵਿਚ ਆਰ. ਲੇਅਰਡ ਹੈਰਿਸ, ''ਲੇਵੀਆਂ ਦੀ ਪੋਥੀ।'' [19]ਐੱਸ. ਐੱਚ. ਕੈਲੋਗ, *ਦ ਬੁਕ ਆਫ਼ ਲੇਵੀਆਂ ਦੀ ਪੋਥੀ*, ਜਿਲਦ ਤੀਜੀ (ਪੰਨਾ ਰਹਿਤ: ਏ. ਸੀ. ਆਰਮਸਟ੍ਰੌਂਗ ਐਂਡ ਸਨ, 1899; ਰੀਪ੍ਰਿੰਟ, ਮਿਨਿਆਪੋਲਿਸ: ਕਲੌਕ ਐਂਡ ਕਲੌਕ ਕ੍ਰਿਸਚਿਅਨ ਪਬਲੀਸ਼ਰਜ਼, 1978), 161. [20]ਉੱਥੇ ਹੀ, 168.

[21]''ਹੀ ਪੇਡ ਏ ਡੈੱਟ,'' *ਸੌਂਗਜ਼ ਆਫ਼ ਫ਼ੇਥ ਐਂਡ ਪ੍ਰੇਜ਼*, ਸੰਪਾ. ਐਂਡ ਅਨੁ. ਆਲਟਨ ਐੱਚ. ਹਾਵਰਡ (ਵੈਸਟ ਮੋਨਰੋ, ਲੁਇਸਿਆਨਾ: ਹਾਵਰਡ ਪਬਲੀਸ਼ਿੰਗ ਕੰ., 1994)।